# ਹਾਈ ਸਟੈਂਡਰਡ ਨਿਊਜ਼

HIGHSTANDARDNEWS

Date 26.07.2024

www.hsnnews.in | PUNPUN/2024/86289 | President:-Shailzadwivedi | Email:info@hsnnews.in

Vol.11 | July 2024 | Published in Punjab | Pages 8


## ਰਾਇਲਟੀ ਕੋਈ ਟੈਕਸ ਨਹੀਂ, ਖਾਨਾਂ ’ਤੇ ਟੈਕਸ ਲਗਾਉਣ ਦਾ ਅਧਿਕਾਰ



ਸੁਪਰੀਮ ਕੋਰਟ ਨੇ ਲੱਗਭਗ 35 ਸਾਲ ਪੁਰਾਣਾ ਆਪਣਾ ਇਕ ਫੈਸਲਾ ਪਲਟਦੇ ਹੋਏ ਵੀਰਵਾਰ ਨੂੰ ਕਿਹਾ ਕਿ ਰਾਇਲਟੀ ਕੋਈ ਟੈਕਸ ਨਹੀਂ ਹੈ ਅਤੇ ਸੂਬਿਆਂ ਨੂੰ ਖਣਿਜਾਂ ਅਤੇ ਖਾਨਾਂ ’ਤੇ ਟੈਕਸ ਲਗਾਉਣ ਦਾ ਅਧਿਕਾਰ ਹੈ। ਸੁਪਰੀਮ ਕੋਰਟ ਦੀ 9 ਮੈਂਬਰੀ ਸੰਵਿਧਾਨਕ ਬੈਂਚ ਨੇ ਕੇਂਦਰ ਅਤੇ ਵੱਖ-ਵੱਖ ਮਾਈਨਿੰਗ ਕੰਪਨੀਆਂ ਦੇ ਇਤਰਾਜ਼ਾਂ ਨੂੰ ਰੱਦ ਕਰਦੇ ਹੋਏ ਅੱਠ-ਇਕ ਦੇ ਬਹੁਮਤ ਦੇ ਫੈਸਲੇ ਨਾਲ 1989 ਦੇ 7 ਮੈਂਬਰੀ ਬੈਂਚ ਦੇ ਫੈਸਲੇ (ਇੰਡੀਆ ਸੀਮੈਂਟ ਲਿਮਟਿਡ ਬਨਾਮ ਤਾਮਿਲਨਾਡੂ ਸਰਕਾਰ) ਨੂੰ ਰੱਦ ਕਰ ਦਿੱਤਾ, ਜਿਸ ਵਿਚ ਕਿਹਾ ਗਿਆ ਸੀ ਕਿ ਸੂਬਿਆਂ ਨੂੰ ਟੈਕਸ ਲਗਾਉਣ ਦਾ ਕੋਈ ਅਧਿਕਾਰ ਨਹੀਂ ਹੈ। ਚੀਫ਼ ਜਸਟਿਸ ਡੀ. ਵਾਈ. ਚੰਦਰਚੂੜ ਅਤੇ ਜਸਟਿਸ ਰਿਸ਼ੀਕੇਸ਼ ਰਾਏ, ਜਸਟਿਸ ਅਭੈ ਐੱਸ. ਓਕਾ, ਜਸਟਿਸ ਬੀ. ਵੀ. ਨਾਗਰਤਨਾ, ਜਸਟਿਸ ਜੇ. ਬੀ. ਪਾਰਦੀਵਾਲਾ, ਜਸਟਿਸ ਮਨੋਜ ਮਿਸ਼ਰਾ, ਜਸਟਿਸ ਉਜਵਲ ਭੂਆਨ, ਜਸਟਿਸ ਸਤੀਸ਼ ਚੰਦਰ ਸ਼ਰਮਾ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਦੀ ਸੰਵਿਧਾਨਕ ਬੈਂਚ ਨੇ ਇਹ ਅਹਿਮ ਫੈਸਲਾ ਸੁਣਾਇਆ। ਹਾਲਾਂਕਿ ਜਸਟਿਸ ਨਾਗਰਤਨਾ ਨੇ ਬਹੁਮਤ ਦੇ ਫੈਸਲੇ ਤੋਂ ਅਸਹਿਮਤੀ ਪ੍ਰਗਟਾਈ। ਵਿਧਾਨਕ ਬੈਂਚ ਨੇ ਕਿਹਾ ਕਿ ਮਾਈਨਜ਼ ਐਂਡ ਮਿਨਰਲਜ਼ (ਵਿਕਾਸ ਅਤੇ ਰੈਗੂਲੇਸ਼ਨ) ਐਕਟ (ਮਾਈਨਜ਼ ਐਕਟ) ਸੂਬਿਆਂ ਨੂੰ ਖਣਿਜ ਅਧਿਕਾਰਾਂ ’ਤੇ ਟੈਕਸ ਲਗਾਉਣ ਦੀ ਤਾਕਤ ਤੋਂ ਵਾਂਝਾ ਨਹੀਂ ਕਰੇਗਾ। ਸੁਪਰੀਮ ਕੋਰਟ ਦੇ ਬਹੁਮਤ ਵਾਲੇ ਇਸ ਫੈਸਲੇ ਵਿਚ ਕਿਹਾ ਗਿਆ ਹੈ ਕਿ ਰਾਇਲਟੀ ਕੋਈ ਟੈਕਸ ਨਹੀਂ ਹੈ ਅਤੇ ਵਿਧਾਨ ਸਭਾਵਾਂ ਕੋਲ ਖਣਿਜਾਂ ਵਾਲੀ ਜ਼ਮੀਨ ’ਤੇ ਟੈਕਸ ਲਗਾਉਣ ਦੀ ਵਿਧਾਨਕ ਤਾਕਤ ਹੈ।

## PM ਮੋਦੀ ਨੇ ਕਾਰਗਿਲ ਵਿਜੇ ਦਿਵਸ ਦੇ ਸ਼ਹੀਦਾਂ ਨੂੰ ਦਿੱਤੀ ਸ਼ਰਧਾਂਜਲੀ



ਕਾਰਗਿਲ ਵਿਜੇ ਦਿਵਸ ਦੇ 25 ਸਾਲ ਪੂਰੇ ਹੋ ਗਏ ਹਨ। ਅੱਜ ਦੇ ਦਿਨ 1999 ਵਿਚ ਸਾਡੇ ਵੀਰ ਸਪੂਤਾਂ ਨੇ ਪਾਕਿਸਤਾਨੀ ਘੁਸਪੈਠੀਆਂ ਨੂੰ ਧੂੜ ਚਟਾਈ ਸੀ। ਵੀਰਾਂ ਦੀ ਯਾਦ ਵਿਚ ਅੱਜ ਦੇਸ਼ ਭਰ ਵਿਚ ਕਾਰਗਿਲ ਵਿਜੇ ਦਿਵਸ ਮਨਾਇਆ ਜਾ ਰਿਹਾ ਹੈ। ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਦਰਾਸ ਪਹੁੰਚੇ, ਇੱਥੇ ਉਨ੍ਹਾਂ ਨੇ 1999 ਦੀ ਜੰਗ 'ਚ ਸ਼ਹੀਦ ਜਵਾਨਾਂ ਨੂੰ ਸ਼ਰਧਾਂਜਲੀ ਦਿੱਤੀ। ਭਾਰਤੀ ਫ਼ੌਜ ਨੇ 26 ਜੁਲਾਈ 1999 ਨੂੰ ਲੱਦਾਖ ਵਿਚ ਕਾਰਗਿਲ ਦੀਆਂ ਬਰਫ਼ੀਲੀਆਂ ਚੋਟੀਆਂ 'ਤੇ ਲੱਗਭਗ 3 ਮਹੀਨੇ ਦੀ ਲੰਬੀ ਲੜਾਈ ਵਿਚ ਜਿੱਤ ਮਗਰੋਂ 'ਆਪ੍ਰੇਸ਼ਨ ਵਿਜੇ' ਦੀ ਸਫ਼ਲ ਸਮਾਪਤੀ ਦਾ ਐਲਾਨ ਕੀਤਾ ਸੀ। ਜੰਗ ਵਿਚ ਪਾਕਿਸਤਾਨ 'ਤੇ ਭਾਰਤ ਦੀ ਜਿੱਤ ਦੀ ਯਾਦ ਵਿਚ 26 ਜੁਲਾਈ ਦੇ ਦਿਨ ਨੂੰ ਕਾਰਗਿਲ ਵਿਜੇ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ।ਪ੍ਰਧਾਨ ਮੰਤਰੀ ਨੇ ਕਿਹਾ ਕਿ ਮੈਂ ਖੁਸ਼ਕਿਸਮਤ ਹਾਂ ਕਿ ਕਾਰਗਿਲ ਯੁੱਧ ਦੌਰਾਨ ਮੈਂ ਇਕ ਆਮ ਦੇਸ਼ ਵਾਸੀ ਦੇ ਰੂਪ ਵਿਚ ਆਪਣੇ ਸੈਨਿਕਾਂ ਵਿਚ ਸ਼ਾਮਲ ਸੀ। ਅੱਜ ਜਦੋਂ ਮੈਂ ਫਿਰ ਕਾਰਗਿਲ ਦੀ ਧਰਤੀ 'ਤੇ ਆਇਆ ਹਾਂ ਤਾਂ ਸੁਭਾਵਿਕ ਹੈ ਕਿ ਉਹ ਯਾਦਾਂ ਮੇਰੇ ਦਿਮਾਗ 'ਚ ਤਾਜ਼ਾ ਹੋ ਗਈਆਂ ਹਨ। ਮੈਨੂੰ ਯਾਦ ਹੈ ਕਿ ਕਿਵੇਂ ਸਾਡੀਆਂ ਫੌਜਾਂ ਨੇ ਇੰਨੀ ਉੱਚਾਈ 'ਤੇ ਅਜਿਹੇ ਮੁਸ਼ਕਲ ਲੜਾਕੂ ਆਪਰੇਸ਼ਨ ਨੂੰ ਅੰਜ਼ਾਮ ਦਿੱਤਾ। ਮੈਂ ਅਜਿਹੇ ਸਾਰੇ ਬਹਾਦਰ ਵੀਰਾਂ ਨੂੰ ਸਲਾਮ ਕਰਦਾ ਹਾਂ ਜਿਨ੍ਹਾਂ ਨੇ ਦੇਸ਼ ਨੂੰ ਜਿੱਤ ਦਿਵਾਈ। ਮੈਂ ਉਨ੍ਹਾਂ ਸ਼ਹੀਦਾਂ ਨੂੰ ਸਲਾਮ ਕਰਦਾ ਹਾਂ ਜਿਨ੍ਹਾਂ ਨੇ ਕਾਰਗਿਲ ਵਿਚ ਮਾਂ ਭੂਮੀ ਦੀ ਰੱਖਿਆ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ।ਪ੍ਰਧਾਨ ਮੰਤਰੀ ਨੇ ਕਿਹਾ ਕਿ ਰਾਸ਼ਟਰ ਸਾਡੇ ਹਥਿਆਰਬੰਦ ਬਲਾਂ ਦੇ ਵੀਰਤਾਪੂਰਨ ਕੋਸ਼ਿਸ਼ਾਂ, ਬਲਿਦਾਨਾਂ ਦਾ ਸਨਮਾਨ ਕਰਦਾ ਹੈ। ਕਾਰਗਿਲ ਵਿਜੇ ਦਿਵਸ ਦਰਸਾਉਂਦਾ ਹੈ ਕਿ ਦੇਸ਼ ਖ਼ਾਤਰ ਦਿੱਤੇ ਜਾਣ ਵਾਲੇ ਬਲਿਦਾਨ ਅਮਰ ਹੁੰਦੇ ਹਨ। ਕਾਰਗਿਲ 'ਚ ਅਸੀਂ ਨਾ ਸਿਰਫ਼ ਯੁੱਧ ਜਿੱਤਿਆ, ਸਗੋਂ ਸੱਚਾਈ, ਸੰਜਮ ਅਤੇ ਸ਼ਕਤੀ ਦਾ ਉਦਾਹਰਣ ਵੀ ਪੇਸ਼ ਕੀਤਾ। ਪਾਕਿਸਤਾਨ 'ਤੇ ਤੰਜ਼ ਕੱਸਦਿਆਂ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਾਕਿਸਤਾਨ ਨੇ ਜਦੋਂ ਵੀ ਕੋਈ ਦਲੇਰੀ ਕੀਤੀ ਹੈ, ਉਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ ਹੈ, ਉਸ ਨੇ ਇਤਿਹਾਸ ਤੋਂ ਕੋਈ ਸਬਕ ਨਹੀਂ ਸਿੱਖਿਆ ਹੈ। ਸਾਡੇ ਵੀਰ ਜਵਾਨ ਅੱਤਵਾਦ ਨੂੰ ਕੁਚਲ ਦੇਣਗੇ, ਦੁਸ਼ਮਣ ਨੂੰ ਕਰਾਰਾ ਜਵਾਬ ਦਿੱਤਾ ਜਾਵੇਗਾ।

## PM ਮੋਦੀ ਨੇ ਸ਼ਿੰਕੁਨ ਲਾ ਸੁਰੰਗ ਦੇ ਨਿਰਮਾਣ ਲਈ ਕੀਤਾ ਪਹਿਲਾ ਵਿਸਫੋਟ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਿਮਾਚਲ ਪ੍ਰਦੇਸ਼ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਲੱਦਾਖ ਵਿਚਾਲੇ ਹਰ ਮੌਸਮ 'ਚ ਸੰਪਰਕ ਸਹੂਲਤ ਪ੍ਰਦਾਨ ਕਰਨ ਵਾਲੀ ਸੁਰੰਗ ਦੇ ਨਿਰਮਾਣ ਲਈ 'ਪਹਿਲਾ ਵਿਸਫ਼ੋਟ' ਕੀਤਾ। ਪੀ.ਐੱਮ. ਮੋਦੀ ਨੇ ਸ਼ਿੰਕੁਨ ਲਾ ਸੁਰੰਗ ਦੇ ਨਿਰਮਾਣ ਦੀ ਸ਼ੁਰੂਆਤ ਕਰਦੇ ਹੋਏ ਲੱਦਾਖ ਦੇ ਦਰਾਸ ਤੋਂ ਕੁਝ ਦੂਰੀ 'ਤੇ 'ਪਹਿਲਾ ਵਿਸਫ਼ੋਟ' ਕੀਤਾ।ਸ਼ਿੰਕੁਨ ਲਾ ਸੁਰੰਗ ਪ੍ਰਾਜੈਕਟ 'ਚ 4.1 ਕਿਲੋਮੀਟਰ ਲੰਬੀ ਦੋਹਰੀ-ਟਿਊਬ ਸੁਰੰਗ ਸ਼ਾਮਲ ਹੈ, ਜਿਸ ਦਾ ਨਿਰਮਾਣ ਲੇਹ ਨੂੰ ਸਾਰੇ ਮੌਸਮ 'ਚ ਸੰਪਰਕ ਪ੍ਰਦਾਨ ਕਰਨ ਲਈ ਨਿਮੂ-ਪਦੁਮ-ਦਾਰਚਾ ਰੋਡ 'ਤੇ ਲਗਭਗ 15,800 ਫੁੱਟ ਦੀ ਉੱਚਾਈ 'ਤੇ ਕੀਤਾ ਜਾਵੇਗਾ। ਇਕ ਬੁਲਾਰੇ ਨੇ ਕਿਹਾ,''ਨਿਰਮਾਣ ਪੂਰਾ ਹੋਣ ਤੋਂ ਬਾਅਦ ਇਹ ਦੁਨੀਆ ਦੀ ਸਭ ਤੋਂ ਉੱਚੀ ਸੁਰੰਗ ਹੋਵੇਗੀ। ਸ਼ਿੰਕੁਨ ਲਾ ਸੁਰੰਗ ਨਾ ਸਿਰਫ਼ ਸਾਡੀਆਂ ਹਥਿਆਰਬੰਦ ਫ਼ੋਰਸਾਂ ਅਤੇ ਉਪਕਰਣਾਂ ਦੀ ਤੇਜ਼ ਅਤੇ ਕੁਸ਼ਲ ਆਵਾਜਾਈ ਯਕੀਨੀ ਕਰੇਗੀ ਸਗੋਂ ਲੱਦਾਖ 'ਚ ਆਰਥਿਕ ਅਤੇ ਸਮਾਜਿਕ ਵਿਕਾਸ ਨੂੰ ਵੀ ਉਤਸ਼ਾਹ ਦੇਵੇਗੀ।''

## BOB ਨੇ PM ਸੁਰੱਖਿਆ ਬੀਮਾ ਰਾਸ਼ੀ ਦੇਣ ਤੋਂ ਕੀਤਾ ਇਨਕਾਰ





ਪ੍ਰਧਾਨ ਮੰਤਰੀ ਯੋਜਨਾ ਰਾਹੀਂ ਹਰੇਕ ਖਾਤਾਧਾਰਕ ਦਾ 20 ਰੁਪਏ ’ਚ 2 ਲੱਖ ਰੁਪਏ ਦਾ ਬੀਮਾ ਇਕ ਸਾਲ ਲਈ ਹੋ ਜਾਂਦਾ ਹੈ। ਜੇਕਰ ਇਸ ਮਿਆਦ ’ਚ ਕੋਈ ਘਟਨਾ ਘਟਦੀ ਹੈ ਤਾਂ ਬੈਂਕ ਖਾਤੇਦਾਰ ਦੇ ਆਸ਼ਰਿਤਾਂ ਨੂੰ 2 ਲੱਖ ਰੁਪਏ ਦੇਣ ਲਈ ਵਚਨਬੱਧ ਹੈ। ਜੇਕਰ ਉਹ ਬੀਮਾ ਦੀ ਰਾਸ਼ੀ ਨਹੀਂ ਦਿੰਦਾ ਤਾਂ ਉਸ ਖਿਲਾਫ ਖਪਤਕਾਰ ਫੋਰਮ ’ਚ ਜਾ ਕੇ ਨਿਆਂ ਦੀ ਮੰਗ ਕੀਤੀ ਜਾ ਸਕਦੀ ਹੈ। ਅਜਿਹੇ ਹੀ ਇਕ ਮਾਮਲੇ ’ਚ ਖਪਤਕਾਰ ਕਮਿਸ਼ਨ ਨੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਢਾਈ ਲੱਖ ਰੁਪਏ ਦੇਣ ਦਾ ਹੁਕਮ ਬੜੌਦਾ ਬੈਂਕ ਨੂੰ ਦਿੱਤਾ ਹੈ। ਜਾਣਕਾਰੀ ਮੁਤਾਬਕ ਰਾਜਨਗਰ ਤਹਿਸੀਲ ਅਨੁਸਾਰ ਗ੍ਰਾਮ ਟੂਰਯਾ ਨਿਵਾਸੀ ਜੈਪਾਲ ਸਿੰਘ ਦਾ ਬੈਂਕ ਆਫ ਬੜੌਦਾ ਦੀ ਛਤਰਪੁਰ ਸ਼ਾਖਾ ’ਚ ਖਾਤਾ ਹੈ। ਪ੍ਰਧਾਨ ਮੰਤਰੀ ਸੁਰੱਖਿਆ ਬੀਮਾ ਯੋਜਨਾ ਤਹਿਤ 20 ਰੁਪਏ ਪ੍ਰੀਮੀਅਮ ਨਾਲ ਉਸ ਦਾ 2 ਲੱਖ ਰੁਪਏ ਦਾ ਬੀਮਾ ਸੀ। ਬੀਮਾ ਦੀ ਮਿਆਦ 1 ਜੂਨ 2022 ਤੋਂ 31 ਮਈ 2023 ਤੱਕ ਸੀ। 29 ਅਪ੍ਰੈਲ 2023 ਨੂੰ ਜੈਪਾਲ ਸਿੰਘ ਦੀ ਸੜਕ ਦੁਰਘਟਨਾ ’ਚ ਮੌਤ ਹੋ ਗਈ।ਮ੍ਰਿਤਕ ਦੀ ਪਤਨੀ ਪੂਨਮ ਰਾਜਾ ਨੇ 22 ਮਈ ਨੂੰ ਬੈਂਕ ਆਫ ਬੜੌਦਾ ਨੂੰ ਪਤੀ ਦੀ ਮੌਤ ਹੋਣ ਦੀ ਸੂਚਨਾ ਦਿੱਤੀ। 4-5 ਦਿਨ ’ਚ ਰਾਸ਼ੀ ਦੇਣ ਦਾ ਬੈਂਕ ਮੈਨੇਜਮੈਂਟ ਵੱਲੋਂ ਭਰੋਸਾ ਦਿੱਤਾ ਗਿਆ ਪਰ ਬਾਅਦ ’ਚ ਅਰਜ਼ੀ ਲੈਣ ਤੋਂ ਹੀ ਮਨ੍ਹਾ ਕਰ ਦਿੱਤਾ ਗਿਆ। ਨਤੀਜੇ ਵਜੋਂ 3 ਜੁਲਾਈ 2023 ਨੂੰ ਐਡਵੋਕੇਟ ਰਾਜਕੁਮਾਰ ਅਵਸਥੀ ਰਾਹੀਂ ਪੀੜਤ ਪੱਖ ਨੇ ਖਪਤਕਾਰ ਕਮਿਸ਼ਨ ਦੀ ਸ਼ਰਨ ਲਈ। ਕਮਿਸ਼ਨ ਦੇ ਸਾਹਮਣੇ ਜੈਪਾਲ ਸਿੰਘ ਦੇ ਪਰਿਵਾਰ ਨੇ ਸਾਰੇ ਦਸਤਾਵੇਜ਼ ਪੇਸ਼ ਕੀਤੇ। ਕਮਿਸ਼ਨ ਨੇ ਬੈਂਕ ਆਫ ਬੜੌਦਾ ਦੇ ਜਨਰਲ ਮੈਨੇਜਰ ਅਤੇ ਨੈਸ਼ਨਲ ਇੰਸ਼ੋਰੈਂਸ ਕੰਪਨੀ ਨੂੰ ਮੁੱਦਈ ਬਣਾਇਆ। ਨੋਟਿਸ ਦੇਣ ਤੋਂ ਬਾਅਦ ਵੀ ਜਦੋਂ ਬੈਂਕ ਨੇ ਪੈਸੇ ਦੇਣ ਤੋਂ ਮਨ੍ਹਾ ਕੀਤਾ ਤਾਂ ਕਮਿਸ਼ਨ ਨੇ ਮਾਮਲਾ ਸਵੀਕਾਰ ਕਰਦੇ ਹੋਏ ਬੀਮਾਧਾਰੀ ਦੇ ਪਰਿਵਾਰ ਦੇ ਪੱਖ ’ਚ ਫੈਸਲਾ ਸੁਣਾਇਆ।

## ਡਾਕਟਰਾਂ ਦੀ ਸਰਕਾਰ ਨਾਲ ਗੱਲਬਾਤ ਰਹੀ ਬੇਸਿੱਟਾ



ਹਰਿਆਣਾ ਸਰਕਾਰ ਅਤੇ ਸੂਬੇ ਦੇ ਸਰਕਾਰੀ ਡਾਕਟਰਾਂ ਦਾ ਪ੍ਰਤੀਨਿਧੀਤੱਵ ਕਰਨ ਵਾਲੇ ਇਕ ਸੰਗਠਨ ਵਿਚਾਲੇ ਹੋਈ ਗੱਲਬਾਤ ਵੀਰਵਾਰ ਨੂੰ ਬੇਸਿੱਟਾ ਰਹੀ, ਜਿਸ ਕਾਰਨ ਕਰੀਬ 3,000 ਡਾਕਟਰਾਂ ਦੀ ਅਣਮਿੱਥੇ ਸਮੇਂ ਲਈ ਹੜਤਾਲ ਜਾਰੀ ਰਹੇਗੀ। ਡਾਕਟਰਾਂ ਦੀ ਹੜਤਾਲ ਵੀਰਵਾਰ ਮੁੜ ਸ਼ੁਰੂ ਹੋਈ। ਇਸ ਨਾਲ ਸੂਬਾ ਸਰਕਾਰ ਦੇ ਹਸਪਤਾਲਾਂ 'ਚ ਸਿਹਤ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਰਹੀਆਂ। ਸੂਬੇ 'ਚ ਸਰਕਾਰੀ ਡਾਕਟਰਾਂ ਦਾ ਪ੍ਰਤੀਨਿਧੀਤੱਵ ਕਰਨ ਵਾਲੇ 'ਹਰਿਆਣਾ ਸਿਵਲ ਮੈਡੀਕਲ ਸਰਵਿਸ ਐਸੋਸੀਏਸ਼ਨ' ਨੇ ਆਪਣੀਆਂ ਵੱਖ-ਵੱਖ ਮੰਗਾਂ ਪੂਰੀਆਂ ਨਾ ਹੋਣ 'ਤੇ ਇਸ ਹੜਤਾਲ ਦਾ ਸੱਦਾ ਦਿੱਤਾ। ਦੇਰ ਸ਼ਾਮ ਤੱਕ ਜਾਰੀ ਰਹੀ ਦੂਜੇ ਦੌਰ ਦੀ ਗੱਲਬਾਤ ਦੇ ਅੰਤ 'ਚ ਐਸੋਸੀਏਸ਼ਨ ਦੇ ਪ੍ਰਧਾਨ ਡਾ. ਰਾਜੇਸ਼ ਖਿਆਲੀਆ ਨੇ ਕਿਹਾ,''ਕਰੀਅਰ ਪ੍ਰਮੋਸ਼ਨ ਸਕੀਮ ਵਰਗੀਆਂ ਮੰਗਾਂ 'ਤੇ ਅਜੇ ਤੱਕ ਕੋਈ ਖ਼ਾਸ ਤਰੱਕੀ ਨਹੀਂ ਹੋਈ ਹੈ। ਇਸ ਲਈ ਸਿਹਤ ਸੇਵਾਵਾਂ ਪੂਰੀ ਤਰ੍ਹਾਂ ਬੰਦ ਰਹਿਣਗੀਆਂ। ਚਾਰ ਡਾਕਟਰਾਂ (ਜਿਨ੍ਹਾਂ 'ਚ ਖਿਆਲੀਆ ਵੀ ਸ਼ਾਮਲ ਹਨ) ਦੀ ਭੁੱਖ ਹੜਤਾਲ ਵੀ ਜਾਰੀ ਰਹੇਗੀ।''

## ਪੰਜਾਬ ਚ 21 ਜੁਡੀਸ਼ੀਅਲ ਅਫ਼ਸਰਾਂ ਨੂੰ ਮਿਲੀ ਤਰੱਕੀ



ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ 21 ਜੁਡੀਸ਼ੀਅਲ ਅਫ਼ਸਰਾਂ ਦੀ ਤਰੱਕੀ ਕਰਿਦਆਂ ਉਨ੍ਹਾਂ ਨੂੰ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਨਿਯੁਕਤ ਕੀਤਾ ਹੈ। ਤਰੱਕੀ ਪ੍ਰਾਪਤ ਕਰਨ ਵਾਲੇ ਜੱਜਾਂ ਵਿਚ ਮੋਨਿਕਾ ਲਾਬਾ, ਪਰਨਿੰਦਰ ਸਿੰਘ, ਅਮਨਦੀਪ ਕੌਰ ਚਾਹਲ, ਗੁਰਮੀਤ ਟਿਵਾਣਾ, ਅੰਮਿਤ ਮੱਲਾ, ਰਮਨ ਸਰਮਾ, ਪ੍ਰਭਜੋਤ ਸਿੰਘ ਕਾਲੇਕੇ, ਆਸਿਸ਼ ਸਾਲਦੀ, ਬਲਜਿੰਦਰ ਸਿੰਘ, ਤੇਜਪ੍ਰਤਾਪ ਸਿੰਘ ਰੰਧਾਵਾ, ਸੁਮੀਤ ਮੱਕੜ,ਸੁਮੀਤ ਭੱਲਾ, ਅੰਮਿਤ ਕੁਮਾਰ ਗਰਗ, ਸਚੇਤਾ ਆਤਿਸ਼ ਦੇਵ, ਅਤੁਲ ਕੰਬੋਜ, ਜਤਿੰਦਰਪਾਲ ਸਿੰਘ, ਬਗੀਚਾ ਸਿੰਘ, ਅਜੀਤਪਾਲ ਸਿੰਘ, ਪਰਮਿੰਦਰ ਕੌਰ, ਅਮਨਪ੍ਰੀਤ ਸਿੰਘ ਅਤੇ ਕਮਲਦੀਪ ਸਿੰਘ ਦੇ ਨਾਂ ਸ਼ਾਮਲ ਹਨ।

# ਜਸਬੀਰ ਸਿੰਘ ਸ਼ੇਰਗਿੱਲ ਦੇ NRI ਗਰੁੱਪ ਨੂੰ ਹਾਈਕੋਰਟ ਵਲੋਂ ਝਟਕਾ



NRI ਸਭਾ ਦੀਆਂ ਚੋਣਾਂ 5 ਜਨਵਰੀ 2024 ਨੂੰ ਕਰਵਾਈਆਂ ਗਈਆਂ ਸਨ। ਇਨ੍ਹਾਂ ਚੋਣਾਂ ਨੂੰ ਜਸਬੀਰ ਸਿੰਘ ਸ਼ੇਰਗਿੱਲ ਦੇ ਐੱਨ. ਆਰ. ਆਈ. ਗਰੁੱਪ ਵਲੋਂ ਹਾਈਕੋਰਟ 'ਚ ਇੱਕ ਪਟੀਸ਼ਨ ਰਾਹੀਂ ਚੁਣੌਤੀ ਦਿੱਤੀ ਗਈ ਸੀ। ਹਾਈਕੋਰਟ ਨੇ ਇਸ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਇਸ ਨੂੰ ਰੱਦ ਕਰ ਦਿੱਤਾ ਹੈ। ਇਸ ਚੋਣ ਨੂੰ ਮੁੱਖ ਤੌਰ 'ਤੇ ਇਹ ਕਹਿ ਕੇ ਚੁਣੌਤੀ ਦਿੱਤੀ ਗਈ ਸੀ ਕਿ ਐੱਨ. ਆਰ. ਆਈ. ਸਭਾ ਪ੍ਰਧਾਨ ਦੀ ਚੋਣ ਸਿਰਫ ਸਾਬਕਾ ਐੱਨ. ਆਰ. ਆਈ. ਹੀ ਲੜ ਸਕਦਾ ਹੈ।

ਪਰਵਿੰਦਰ ਕੌਰ ਐੱਨ. ਆਰ. ਆਈ. ਸਭਾ ਦੀ ਮੈਂਬਰ ਨਹੀਂ ਬਣ ਸਕਦੀ ਸੀ ਕਿਉਂਕਿ ਉਹ ਆਸਟ੍ਰੇਲੀਆਈ ਨਾਗਰਿਕ ਹੈ ਪਰ ਐੱਨ. ਆਰ. ਆਈ. ਨਹੀਂ ਅਤੇ ਕੁੱਝ ਐੱਨ. ਆਰ. ਆਈਜ਼ ਨੂੰ ਵੋਟ ਨਹੀਂ ਪਾਉਣ ਦਿੱਤੀ ਗਈ ਸੀ। ਅਦਾਲਤ ਨੇ ਪਟੀਸ਼ਨ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਐੱਨ. ਆਰ. ਆਈ. ਸਭਾ ਦਾ ਮੈਂਬਰ ਸਿਰਫ ਐੱਨ. ਆਰ. ਆਈ. ਹੀ ਨਹੀਂ, OCI ਕਾਰਡ ਹੋਲਡਰ ਜਾਂ PIO ਕਾਰਡ ਹੋਲਡਰ ਬਣ ਸਕਦਾ ਹੈ। NRI ਸਭਾ ਵਿੱਚ ਵੋਟ ਪਾਉਣ ਲਈ ਪਾਸਪੋਰਟ ਅਤੇ ਵੋਟਰ ਆਈ. ਡੀ. ਕਾਰਡ ਦੀ ਲੋੜ ਹੁੰਦੀ ਹੈ ਅਤੇ ਸਰਕਾਰੀ ਵਕੀਲ ਦੇ ਮੁਤਾਬਕ ਜੋਗਾ ਸਿੰਘ ਕੋਲ ਵੋਟਰ ਆਈ. ਡੀ. ਕਾਰਡ ਨਹੀਂ ਸੀ। NRI ਸਭਾ ਪ੍ਰਧਾਨ ਦੀ ਚੋਣ 'ਚ ਸਿਰਫ ਸਾਬਕਾ ਐੱਨ. ਆਰ. ਆਈ. ਹੀ ਨਹੀਂ, ਸਗੋਂ NRI, OCI ਕਾਰਡ ਹੋਲਡਰ ਅਤੇ PIO ਕਾਰਡ ਹੋਲਡਰ ਵੀ ਲੜ ਸਕਦੇ ਹਨ।

5 ਜਨਵਰੀ, 2024 ਦੀ NRI ਸਭਾ ਦੇ ਪ੍ਰਧਾਨ ਦੀ ਚੋਣ ਵਿੱਚ ਜਸਵੀਰ ਸਿੰਘ ਸ਼ੇਰਗਿੱਲ ਨੂੰ ਨਮੋਸ਼ੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਇਸ ਵਿੱਚ ਆਸਟ੍ਰੇਲੀਆਈ ਨਾਗਰਿਕ ਪਰਵਿੰਦਰ ਕੌਰ ਨੂੰ 147 ਅਤੇ ਜਸਵੀਰ ਸਿੰਘ ਸ਼ੇਰਗਿੱਲ ਨੂੰ ਸਿਰਫ 14 ਵੋਟ ਮਿਲੇ ਸਨ। ਚੋਣਾਂ ਵਾਲੇ ਦਿਨ ਜਸਵੀਰ ਸਿੰਘ ਸ਼ੇਰਗਿੱਲ ਨੇ ਸਰਕਾਰ 'ਤੇ ਇਲਜ਼ਾਮ ਲਗਾਏ ਸੀ ਕਿ ਉਹ ਪਰਵਿੰਦਰ ਕੌਰ ਦੀ ਮਦਦ ਕਰ ਰਹੀ ਹੈ ਅਤੇ ਉਸਦੇ ਕਈ ਸਮਰਥਕਾਂ ਨੂੰ ਵੋਟਾਂ ਪਾਉਣ ਨਹੀਂ ਦਿੱਤੀਆਂ ਗਈਆਂ। ਅਦਾਲਤ ਦੇ ਇਸ ਫ਼ੈਸਲੇ ਦਾ ਸਵਾਗਤ ਕਰਦੇ ਹੋਏ ਕਰਨ ਰੰਧਾਵਾ, ਪੰਜਾਬ ਸਰਕਾਰ ਦੇ NRI ਮਹਿਕਮੇ ਦੇ ਸਾਬਕਾ ਸਲਾਹਕਾਰ ਨੇ ਕਿਹਾ ਕਿ ਅਦਾਲਤ ਨੇ ਪਰਵਿੰਦਰ ਕੌਰ ਦੇ ਹੱਕ 'ਚ ਫ਼ੈਸਲਾ ਦਿੱਤਾ ਹੈ। ਹੁਣ ਸਾਰੇ NRI ਵੀਰਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਸੀ ਮਨ-ਮੁਟਾਅ ਖ਼ਤਮ ਕਰਕੇ NRI ਸਭਾ ਨੂੰ ਮਜ਼ਬੂਤ ਕਰਨ ਲਈ ਪਰਵਿੰਦਰ ਕੌਰ ਨੂੰ ਖੁੱਲ੍ਹ ਕੇ ਸਹਿਯੋਗ ਦੇਣ।

# ਚਰਨਜੀਤ ਸਿੰਘ ਚੰਨੀ ਵੱਲੋਂ ਸੰਸਦ 'ਚ ਆਵਾਜ਼ ਚੁੱਕਣ ਤੋਂ ਬਾਅਦ ਦੇਖੋ ਕੀ ਬੋਲੇ ਅੰਮ੍ਰਿਤਪਾਲ ਸਿੰਘ ਦੇ ਮਾਪੇ



ਬੀਤੇ ਦਿਨੀਂ ਜਲੰਧਰ ਤੋਂ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨੇ ਲੋਕ ਸਭਾ ਵਿਚ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਸੀ। ਇਸ 'ਤੇ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਉਨ੍ਹਾਂ ਨੇ ਚਰਨਜੀਤ ਸਿੰਘ ਚੰਨੀ ਦਾ ਧੰਨਵਾਦ ਕੀਤਾ ਹੈ। ਅੰਮ੍ਰਿਤਪਾਲ ਸਿੰਘ ਦੇ ਪਿਤਾ ਨੇ ਕਿਹਾ ਕਿ ਜਦੋਂ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਆਪ੍ਰੇਸ਼ਨ ਚਲਾਇਆ ਗਿਆ ਸੀ ਜਾਂ ਉਸ ਦੀ ਪਤਨੀ ਨੂੰ ਬਾਹਰ ਜਾਣ ਤੋਂ ਰੋਕਿਆ ਗਿਆ ਸੀ ਤਾਂ ਉਦੋਂ ਵੀ ਚਰਨਜੀਤ ਸਿੰਘ ਚੰਨੀ ਨੇ ਇਸ ਸਭ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ ਸੀ। ਅੰਮ੍ਰਿਤਪਾਲ ਸਿੰਘ ਦੇ ਪਿਤਾ ਨੇ ਕਿਹਾ ਕਿ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਪੰਜਾਬ ਵਿਚ ਵਿਰੋਧ ਹੋਇਆ ਸੀ, ਉਦੋਂ ਵੀ ਚਰਨਜੀਤ ਸਿੰਘ ਚੰਨੀ ਨੇ ਬੜੇ ਵਧੀਆ ਢੰਗ ਨਾਲ ਪੰਜਾਬ ਦਾ ਪੱਖ ਰੱਖਿਆ ਸੀ। ਉਨ੍ਹਾਂ ਚਰਨਜੀਤ ਸਿੰਘ ਚੰਨੀ ਨੂੰ ਜੁਝਾਰੂ ਯੋਧਾ ਦੱਸਦਿਆਂ ਕਿਹਾ ਕਿ ਸਾਡੇ ਪਰਿਵਾਰ ਨੂੰ ਉਨ੍ਹਾਂ 'ਤੇ ਮਾਣ ਹੈ। ਉਨ੍ਹਾਂ ਕਿਹਾ ਕਿ ਬਾਕੀ ਪਾਰਲੀਮੈਂਟ ਮੈਂਬਰਾਂ ਅਤੇ ਹੋਰ ਇਨਸਾਫ਼ ਪਸੰਦ ਲੋਕਾਂ ਨੂੰ ਵੀ ਇਸ NSA ਦੇ ਖ਼ਿਲਾਫ਼ ਆਵਾਜ਼ ਚੁੱਕਣੀ ਚਾਹੀਦੀ ਹੈ। ਅੰਮ੍ਰਿਤਪਾਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੂੰ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ। ਅੰਮ੍ਰਿਤਪਾਲ ਸਿੰਘ ਦੇ ਮਾਤਾ ਨੇ ਕਿਹਾ ਕਿ ਉਹ ਚਰਨਜੀਤ ਸਿੰਘ ਚੰਨੀ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਸਾਡੇ ਨਾਲ ਹੋ ਰਹੀ ਬੇਇਨਸਾਫ਼ੀ ਦਾ ਮੁੱਦਾ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੂੰ 6 ਲੱਖ ਲੋਕਾਂ ਨੇ ਵੋਟਾਂ ਪਾ ਕੇ ਜਿਤਾਇਆ ਹੈ। ਸਾਰਿਆਂ ਨੂੰ ਉਨ੍ਹਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਸਰਕਾਰ ਨੂੰ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦੀ NSA ਤੋੜ ਕੇ ਰਿਹਾਅ ਕਰਨਾ ਚਾਹੀਦਾ ਹੈ।

# ਪੰਜਾਬ ਦੇ ਇਸ ਜ਼ਿਲ੍ਹੇ 'ਚ ਬੀਮਾਰੀ ਕਾਰਨ ਚਿੰਤਾ ਭਰੇ ਹਾਲਾਤ



ਜ਼ਿਲ੍ਹੇ ’ਚ ਹੁਣ ਤੱਕ ਡਾਇਰੀਆ ਦੇ 71 ਮਰੀਜ਼ ਸਾਹਮਣੇ ਆ ਚੁੱਕੇ ਹਨ। ਇਨ੍ਹਾਂ ’ਚੋਂ 11 ਮਰੀਜ਼ ਫੇਜ਼-6 ਦੇ ਸਰਕਾਰੀ ਹਸਪਤਾਲ ’ਚ ਜ਼ੇਰੇ ਇਲਾਜ ਹਨ। ਵੀਰਵਾਰ ਨੂੰ ਸਿਵਲ ਸਰਜਨ ਡਾ. ਦਵਿੰਦਰ ਕੁਮਾਰ ਨੇ ਹਸਪਤਾਲ ਪਹੁੰਚ ਕੇ ਮਰੀਜ਼ਾਂ ਦਾ ਹਾਲ-ਚਾਲ ਜਾਣਿਆ। ਉੱਥੇ ਹੀ ਬਾਕੀ ਮਰੀਜ਼ਾਂ ਦਾ ਇਲਾਜ ਡਾਕਟਰਾਂ ਦੀ ਨਿਗਰਾਨੀ ’ਚ ਘਰਾਂ ’ਚ ਹੀ ਕੀਤਾ ਜਾ ਰਿਹਾ ਹੈ। ਡਾਕਟਰ ਦਿਨ-ਰਾਤ ਉਨ੍ਹਾਂ ਦੀ ਸਿਹਤ ’ਤੇ ਨਜ਼ਰ ਰੱਖ ਰਹੇ ਹਨ। ਸਭ ਤੋਂ ਵੱਧ ਮਰੀਜ਼ ਪਿੰਡ ਕੁੰਭੜਾ ਤੋਂ ਸਾਹਮਣੇ ਆਏ ਹਨ। ਡਾ. ਦਵਿੰਦਰ ਕੁਮਾਰ ਨੇ ਦੱਸਿਆ ਕਿ ਪਿੰਡ ਕੁੰਭੜਾ ਵਿਖੇ ਪਹਿਲਾਂ ਤੋਂ ਹੀ ਮੈਡੀਕਲ ਕੈਂਪ ਲਗਾਇਆ ਗਿਆ ਹੈ, ਜੋ 24 ਘੰਟੇ ਚੱਲ ਰਿਹਾ ਹੈ। ਪ੍ਰਭਾਵਿਤ ਲੋਕਾਂ ਨੂੰ ਓ. ਆਰ. ਐੱਸ. ਪੈਕੇਟ ਤੇ ਜ਼ਰੂਰੀ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ। ਡਾ. ਦਵਿੰਦਰ ਕੁਮਾਰ ਅਨੁਸਾਰ ਕੁੰਭੜਾ ਦੀ 5 ਸਾਲਾ ਕੁੜੀ ਤੇ 45 ਸਾਲਾ ਵਿਅਕਤੀ ਦੀ ਮੌਤ ਹੋ ਚੁੱਕੀ ਹੈ। ਉਨ੍ਹਾਂ ਦਾ ਨਾਮ ਨਾ ਤਾਂ ਮੈਡੀਕਲ ਟੀਮ ਵੱਲੋਂ ਕੀਤੇ ਜਾ ਰਹੇ ਸਰਵੇ ’ਚ ਹੈ ਅਤੇ ਨਾ ਹੀ ਉਹ ਕੈਂਪ ਜਾਂ ਹਸਪਤਾਲ ਪਹੁੰਚੇ ਸਨ। ਇਸ ਲਈ ਮੌਤ ਦਾ ਕਾਰਨ ਡਾਇਰੀਆ ਸੀ ਜਾਂ ਕੁੱਝ ਹੋਰ, ਇਸ ਬਾਰੇ ਕਿਹਾ ਨਹੀਂ ਜਾ ਸਕਦਾ।

**ਸਿਹਤ ਵਿਭਾਗ ਨੇ ਘਰਾਂ ’ਚ ਕੀਤਾ ਸਰਵੇ**

ਸਿਹਤ ਵਿਭਾਗ ਦੀਆਂ ਟੀਮਾਂ ਨੇ ਘਰ-ਘਰ ਜਾ ਕੇ ਸਰਵੇਖਣ ਵੀ ਸ਼ੁਰੂ ਕਰ ਦਿੱਤਾ ਹੈ ਤਾਂ ਜੋ ਕੋਈ ਵੀ ਮਾਮਲਾ ਸਾਹਮਣੇ ਆਉਣ ਤੋਂ ਪਹਿਲਾਂ ਲੋੜੀਂਦੀ ਡਾਕਟਰੀ ਸਹਾਇਤਾ ਮੁਹੱਈਆ ਕਰਵਾਈ ਜਾ ਸਕੇ। ਇਸ ਤੋਂ ਇਲਾਵਾ ਪਿੰਡ ਦੇ ਪ੍ਰਭਾਵਿਤ ਖ਼ੇਤਰ ਅਤੇ ਹੋਰ ਥਾਵਾਂ ’ਤੇ ਪਾਣੀ ਦੀਆਂ ਸਪਲਾਈ ਲਾਈਨਾਂ ਤੋਂ ਵੀ ਸੈਂਪਲ ਲਏ ਗਏ ਹਨ। ਸਿਵਲ ਸਰਜਨ ਦਾ ਦਾਅਵਾ ਹੈ ਕਿ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ ਅਤੇ ਮਰੀਜ਼ਾਂ ਦੀ ਸਿਹਤ ਦਾ ਖ਼ਿਆਲ ਰੱਖਿਆ ਜਾ ਰਿਹਾ ਹੈ।

**ਕੁੱਝ ਦਿਨਾਂ ਤੱਕ ਪਾਣੀ ਉਬਾਲ ਕੇ ਪੀਣ ਦੀ ਸਲਾਹ**

ਮਹਾਮਾਰੀ ਮਾਹਿਰ ਡਾ. ਹਰਮਨਦੀਪ ਕੌਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਪਾਣੀ ਨੂੰ ਉਬਾਲ ਕੇ ਪੀਣ ਤੇ ਬੁਖ਼ਾਰ ਜਾਂ ਹੋਰ ਸਬੰਧਿਤ ਬਿਮਾਰੀਆਂ ਦੇ ਗੰਭੀਰ ਲੱਛਣ ਹੋਣ ’ਤੇ ਨਜ਼ਦੀਕੀ ਸਿਹਤ ਕੇਂਦਰ ’ਚ ਪਹੁੰਚਣ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਪੂਰੀ ਕੋਸ਼ਿਸ਼ ਕਰ ਰਿਹਾ ਹੈ ਕਿ ਜ਼ਿਆਦਾ ਲੋਕ ਇਸ ਬਿਮਾਰੀ ਦੀ ਲਪੇਟ ’ਚ ਨਾ ਆਉਣ ਅਤੇ ਮਰੀਜ਼ਾਂ ਨੂੰ ਜਲਦੀ ਤੋਂ ਜਲਦੀ ਠੀਕ ਕੀਤਾ ਜਾਵੇ। ਲੋਕ ਸਿਹਤ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਹੈਲਪਲਾਈਨ ਨੰਬਰ-104 ’ਤੇ ਸੰਪਰਕ ਕਰ ਸਕਦੇ ਹਨ।

**ਇਹ ਖੇਤਰ ਹੌਟ ਸਪਾਟ**

ਡਾਇਰੀਆ ਦੇ ਪ੍ਰਕੋਪ ਨੂੰ ਦੇਖਦੇ ਹੋਏ ਪ੍ਰਸ਼ਾਸਨ ਨੇ ਕਈ ਇਲਾਕਿਆਂ ਨੂੰ ਹੌਟ ਸਪਾਟ ਐਲਾਨ ਦਿੱਤਾ ਹੈ। ਇਨ੍ਹਾਂ ’ਚ ਵਾਰਡ ਨੰਬਰ -18 ਰੌਣੀ ਮੁਹੱਲਾ ਡੇਰਾਬੱਸੀ, ਸੈਣੀ ਨਗਰ ਡੇਰਾਬੱਸੀ, ਪਿੰਡ ਧੀਰੇਮਾਜਰਾ, ਮਦਨਪੁਰ, ਮੌਲੀ ਬੈਦਵਾਣ, ਬਲੌਂਗੀ ਆਜ਼ਾਦ ਨਗਰ ਤੇ ਆਦਰਸ਼ ਨਗਰ, ਬੜਮਾਜਰਾ, ਸੰਤੇ ਮਾਜਰਾ, ਰਾਮਬਾਗ ਖਰੜ, ਸ਼ਿਵਜੋਤ ਇਨਕਲੇਵ ਖਰੜ ਤੇ ਜੁਝਾਰ ਨਗਰ ਸ਼ਾਮਲ ਹਨ।

# ਪੰਜਾਬ ਦੇ ਇਨ੍ਹਾਂ ਜ਼ਿਲ੍ਹਿਆਂ ‘ਚ ਪਵੇਗਾ ਮੀਂਹ, ਮੌਸਮ ਵਿਭਾਗ ਨੇ ਜਾਰੀ ਕੀਤਾ ਯੈਲੋ ਅਲਰਟ



ਪੰਜਾਬ ਵਿੱਚ ਔਸਤ ਵੱਧ ਤੋਂ ਵੱਧ ਤਾਪਮਾਨ ਵਿੱਚ 0.6 ਡਿਗਰੀ ਸੈਲਸੀਅਸ ਦਾ ਵਾਧਾ ਹੋਇਆ ਹੈ। ਸੂਬੇ ਵਿੱਚ ਤਾਪਮਾਨ ਆਮ ਨਾਲੋਂ 2.5 ਡਿਗਰੀ ਸੈਲਸੀਅਸ ਵੱਧ ਰਿਹਾ ਹੈ। ਸੂਬੇ ਵਿੱਚ ਸਭ ਤੋਂ ਵੱਧ ਤਾਪਮਾਨ ਪਠਾਨਕੋਟ ਵਿੱਚ 39.6 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ । ਮੌਸਮ ਵਿਭਾਗ ਅਨੁਸਾਰ ਅੱਜ ਸੂਬੇ ਵਿੱਚ ਮੀਂਹ ਨੂੰ ਲੈ ਕੇ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ ਹੈ। ਜਿਸ ਤੋਂ ਬਾਅਦ ਇੱਕ ਵਾਰ ਫਿਰ ਤਾਪਮਾਨ 40 ਡਿਗਰੀ ਸੈਲਸੀਅਸ ਨੂੰ ਪਾਰ ਕਰਨ ਦੀ ਸੰਭਾਵਨਾ ਹੈ।ਇਸ ਦੇ ਨਾਲ ਹੀ ਅੱਜ ਪੰਜਾਬ ਵਿੱਚ ਕਿਤੇ ਵੀ ਮੀਂਹ ਦਾ ਅਲਰਟ ਜਾਰੀ ਨਹੀਂ ਕੀਤਾ ਗਿਆ ਹੈ। ਜਦੋਂ ਕਿ ਹਿਮਾਚਲ ਪ੍ਰਦੇਸ਼ ਦੇ ਗੁਆਂਢੀ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਹੁਸ਼ਿਆਰਪੁਰ, ਨਵਾਂਸ਼ਹਿਰ, ਰੂਪਨਗਰ, ਐਸ.ਏ.ਐਸ.ਨਗਰ ਅਤੇ ਫਤਿਹਗੜ੍ਹ ਸਾਹਿਬ ਵਿੱਚ ਮੀਂਹ ਪੈਣ ਦੀ ਸੰਭਾਵਨਾ ਹੈ। ਜਦੋਂ ਕਿ ਬਾਕੀ ਜ਼ਿਲ੍ਹਿਆਂ ਵਿੱਚ ਸਿਰਫ਼ 25 ਫ਼ੀਸਦੀ ਮੀਂਹ ਪੈਣ ਦੀ ਸੰਭਾਵਨਾ ਹੈ।ਪੰਜਾਬ ਵਿੱਚ ਅਗਲੇ ਤਿੰਨ ਦਿਨਾਂ ਤੱਕ ਮੀਂਹ ਪੈਣ ਬਾਰੇ ਕੋਈ ਭਵਿੱਖਬਾਣੀ ਨਹੀਂ ਕੀਤੀ ਗਈ ਹੈ। ਸ਼ਨੀਵਾਰ ਨੂੰ ਪਠਾਨਕੋਟ, ਹੁਸ਼ਿਆਰਪੁਰ, ਨਵਾਂਸ਼ਹਿਰ ਅਤੇ ਰੂਪਨਗਰ ਵਰਗੇ ਕੁਝ ਇਲਾਕਿਆਂ ‘ਚ ਮੀਂਹ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। ਹੋਰ ਕਿਤੇ ਵੀ ਕੋਈ ਅਲਰਟ ਜਾਰੀ ਨਹੀਂ ਕੀਤਾ ਗਿਆ ਹੈ। ਪਿਛਲੇ ਦਿਨਾਂ ਦੇ ਹਾਲਾਤਾਂ ਨੂੰ ਦੇਖਦਿਆਂ ਹੋਇਆਂ ਆਉਣ ਵਾਲੇ ਦਿਨ ਵੀ ਸੁੱਕਾ ਰਹਿਣ ਦੇ ਆਸਾਰ ਹਨ।ਦੱਸ ਦੇਈਏ ਕਿ ਪੰਜਾਬ ਵੀ ਘੱਟ ਬਾਰਿਸ਼ ਦੀ ਮਾਰ ਝੱਲ ਰਹੇ 9 ਰਾਜਾਂ ਵਿੱਚ ਸ਼ਾਮਲ ਹੋ ਗਿਆ ਹੈ, ਜਿੱਥੇ ਸੋਕੇ ਦੀ ਸਥਿਤੀ ਬਣੀ ਹੋਈ ਹੈ। 1 ਜੂਨ ਤੋਂ ਇੱਥੇ 44 ਫੀਸਦੀ ਘੱਟ ਬਾਰਿਸ਼ ਦਰਜ ਕੀਤੀ ਜਾ ਰਹੀ ਹੈ। ਜਿਸ ਨਾਲ ਸੂਬੇ ਦੀਆਂ ਚਿੰਤਾਵਾਂ ਵੱਧ ਗਈਆਂ ਹਨ । ਆਮ ਤੌਰ ‘ਤੇ ਇੱਥੇ 184.8 ਮਿਲੀਮੀਟਰ ਬਾਰਿਸ਼ ਹੁੰਦੀ ਹੈ ਪਰ ਇਸ ਵਾਰ ਇੱਥੇ ਸਿਰਫ਼ 103.1 MM. ਮੀਂਹ ਹੀ ਦਰਜ ਕੀਤਾ ਗਿਆ ਹੈ। ਪੰਜਾਬ ਦੇ ਨਾਲ-ਨਾਲ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਹਰਿਆਣਾ, ਚੰਡੀਗੜ੍ਹ, ਬਿਹਾਰ, ਝਾਰਖੰਡ, ਨਾਗਾਲੈਂਡ, ਮਨੀਪੁਰ ਅਤੇ ਮਿਜ਼ੋਰਮ ਅਜਿਹੇ ਰਾਜ ਹਨ ਜਿਨ੍ਹਾਂ ਨੂੰ ਆਈਐਮਡੀ ਨੇ ਰੈੱਡ ਜ਼ੋਨ ਵਿੱਚ ਰੱਖਿਆ ਹੈ।

# ਕੈਂਟਰ ਹੇਠ ਆਉਣ ਨਾਲ ਵਿਅਕਤੀ ਦੀ ਮੌਤ





ਇਕ ਵਿਅਕਤੀ ਦੀ ਕੈਂਟਰ ਹੇਠ ਆਉਣ ਨਾਲ ਹੋਈ ਮੌਤ ਨੂੰ ਲੈ ਕੇ ਥਾਣਾ ਲੱਖੋ ਕੇ ਬਹਿਰਾਮ ਦੀ ਪੁਲਸ ਨੇ ਅਣਪਛਾਤੇ ਕੈਂਟਰ ਚਾਲਕ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਇਸ ਦੀ ਜਾਣਕਾਰੀ ਦਿੰਦਿਆਂ ਸਹਾਇਕ ਥਾਣੇਦਾਰ ਅਨਵਰ ਮਸੀਹ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਮੁਦੱਈ ਜਸਵਿੰਦਰ ਕੌਰ ਪਤਨੀ ਦਿਲਬਾਗ ਸਿੰਘ ਵਾਸੀ ਲੱਖੋ ਕੇ ਬਹਿਰਾਮ ਨੇ ਦੱਸਿਆ ਕਿ ਮੁਦੱਈਆ ਤੇ ਉਸ ਦਾ ਪੁੱਤਰ ਤੇ ਉਸ ਦਾ ਭਰਾ ਜੋਰਾ ਸਿੰਘ, ਬਾਬਾ ਜੀਵਨ ਸਿੰਘ ਨਗਰ ਵੱਲ ਪੈਦਲ ਜਾ ਰਹੇ ਸੀ।ਜਦ ਉਹ ਜਤਾਲਾ ਨਹਿਰ ਤੋਂ ਥੋੜ੍ਹਾ ਪਿੱਛੇ ਸੀ ਤਾਂ ਫਿਰੋਜ਼ਪੁਰ ਵੱਲੋਂ ਇਕ ਕੈਂਟਰ ਅਸ਼ੋਕਾ ਲੇਲੈਂਡ ਤੇਜ਼ ਰਫ਼ਤਾਰ ਨਾਲ ਡਿੱਕੇ-ਡੋਲੇ ਖਾਂਦਾ ਆ ਰਿਹਾ ਸੀ, ਜਿਸ ’ਤੇ ਮੁੱਦਈਆ ਤੇ ਉਸ ਦਾ ਪੁੱਤਰ ਜਾਨ ਬਚਾ ਕੇ ਸਾਈਡ ’ਤੇ ਡਿੱਗ ਪਏ ਅਤੇ ਜੋਰਾ ਸਿੰਘ ਦੀ ਕੈਂਟਰ ਹੇਠ ਆਉਣ ਨਾਲ ਮੌਕੇ ’ਤੇ ਮੌਤ ਹੋ ਗਈ। ਕੈਂਟਰ ਦਾ ਡਰਾਈਵਰ ਮੌਕਾ ਤੋਂ ਭੱਜ ਗਿਆ। ਪੁਲਸ ਵੱਲੋਂ ਦੋਸ਼ੀ ਕੈਂਟਰ ਚਾਲਕ ਦੀ ਭਾਲ ਕੀਤੀ ਜਾ ਰਹੀ ਹੈ।

# ਜਲੰਧਰ ਕੈਂਟ ਸਟੇਸ਼ਨ 'ਤੇ ਪਈਆਂ ਭਾਜੜਾਂ





ਆਪਣੇ ਛੋਟੇ ਭਰਾ ਨਾਲ ਪਠਾਨਕੋਟ ਤੋਂ ਚੰਡੀਗੜ੍ਹ ਜਾ ਰਹੇ 30 ਸਾਲਾ ਨੌਜਵਾਨ ਦੀ ਜੰਮੂ ਤੋਂ ਹਰਿਦੁਆਰ ਜਾ ਰਹੀ ਹੇਮਕੁੰਟ ਐਕਸਪ੍ਰੈੱਸ ਦੇ ਬਾਥਰੂਮ ’ਚੋਂ ਲਾਸ਼ ਮਿਲੀ ਹੈ, ਜਿਸ ਨੂੰ ਰੇਲਵੇ ਪੁਲਸ ਜਲੰਧਰ ਛਾਉਣੀ ਨੇ ਕਬਜ਼ੇ ’ਚ ਲੈ ਕੇ ਸਿਵਲ ਹਸਪਤਾਲ 'ਚੋਂ ਪੋਸਟਮਾਰਟਮ ਕਰਵਾ ਕੇ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ ਹੈ। ਜੀ. ਆਰ. ਪੀ. ਚੌਂਕੀ ਇੰਚਾਰਜ ਅਸ਼ੋਕ ਕੁਮਾਰ ਸ਼ਰਮਾ ਨੇ ਦੱਸਿਆ ਕਿ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਹੇਮਕੁੰਟ ਐਕਸਪ੍ਰੈੱਸ ਦੇ ਜਨਰਲ ਡੱਬੇ ਦੇ ਬਾਥਰੂਮ ’ਚ ਇਕ ਨੌਜਵਾਨ ਬੇਹੋਸ਼ੀ ਦੀ ਹਾਲਤ ’ਚ ਮਿਲਿਆ ਹੈ, ਜਿਸ ’ਤੇ ਉਨ੍ਹਾਂ ਟਰੇਨ ਦੇ ਜਲੰਧਰ ਕੈਂਟ ਸਟੇਸ਼ਨ ’ਤੇ ਪਹੁੰਚਣ ’ਤੇ ਉਕਤ ਨੌਜਵਾਨ ਨੂੰ ਗੱਡੀ ਤੋਂ ਬਾਹਰ ਕੱਢਿਆ ਅਤੇ ਮੌਕੇ ’ਤੇ ਰੇਲਵੇ ਹਸਪਤਾਲ ਦੇ ਡਾਕਟਰ ਨੂੰ ਬੁਲਾਇਆ ਗਿਆ, ਜਿਸ ਨੇ ਨੌਜਵਾਨ ਨੂੰ ਵੇਖ ਕੇ ਦੱਸਿਆ ਕਿ ਉਹ ਮਰ ਚੁੱਕਾ ਹੈ।

## 'ਥੱਪੜ ਸਕੈਂਡਲ' ਮਗਰੋਂ ਮੁਸ਼ਕਿਲ 'ਚ ਕੰਗਨਾ ਰਣੌਤ ਦੀ ਸੰਸਦ ਸੀਟ



ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਥੱਪੜ ਸਕੈਂਡਲ ਤੋਂ ਬਾਅਦ ਲਗਾਤਾਰ ਸੁਰਖੀਆਂ ਬਟੋਰ ਰਹੀ ਹੈ। ਇਸ ਮਾਮਲੇ ਮਗਰੋਂ ਸੰਸਦ ਮੈਂਬਰ ਹੋਰ ਨਵੇਂ ਵਿਵਾਦਾਂ ਨਾਲ ਘਿਰਦੀ ਹੋਈ ਨਜ਼ਰ ਆ ਰਹੀ ਹੈ। ਦਰਅਸਲ, ਇਸ ਵਿਚਾਲੇ ਇੱਕ ਅਜਿਹਾ ਮਾਮਲਾ ਸਾਹਮਣੇ ਆਇਆ ਹੈ, ਜਿਸ ਨੇ ਹਰ ਕਿਸੇ ਨੂੰ ਹੈਰਾਨ ਕਰ ਦਿੱਤਾ ਹੈ। ਹਿਮਾਚਲ ਪ੍ਰਦੇਸ਼ ਦੀ ਮੰਡੀ ਸੀਟ ਤੋਂ ਸੰਸਦ ਮੈਂਬਰ ਕੰਗਨਾ ਰਣੌਤ ਖ਼ਿਲਾਫ਼ ਇਕ ਵਿਅਕਤੀ ਨੇ ਪਟੀਸ਼ਨ ਦਾਇਰ ਕੀਤੀ ਹੈ। ਵਿਅਕਤੀ ਦਾ ਦਾਅਵਾ ਹੈ ਕਿ ਲੋਕ ਸਭਾ ਹਲਕੇ ਤੋਂ ਚੋਣ ਲੜਨ ਲਈ ਉਸ ਦਾ ਨਾਮਜ਼ਦਗੀ ਪੱਤਰ ਕਥਿਤ ਤੌਰ 'ਤੇ ਗ਼ਲਤ ਤਰੀਕੇ ਨਾਲ ਰੱਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਅਦਾਲਤ ਨੇ ਕੰਗਨਾ ਰਣੌਤ ਨੂੰ ਨੋਟਿਸ ਭੇਜ ਕੇ 21 ਅਗਸਤ ਤੱਕ ਜਵਾਬ ਮੰਗਿਆ ਹੈ। ਉਸ ਦਾ ਨਾਂ ਲਾਇਕ ਰਾਮ ਨੇਗੀ ਹੈ, ਜੋ ਕੰਗਨਾ ਰਣੌਤ ਦੀ ਸੀਟ ਨੂੰ ਲੈ ਕੇ ਖ਼ਤਰਾ ਬਣ ਗਿਆ ਹੈ।ਪਟੀਸ਼ਨ ਤੋਂ ਬਾਅਦ ਜਸਟਿਸ ਜਯੋਤਸਨਾ ਰੇਵਾਲ ਨੇ ਕੰਗਨਾ ਰਣੌਤ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਵੀ ਹੁਕਮ ਦਿੱਤਾ ਗਿਆ ਹੈ ਕਿ ਉਹ ਇਸ ਮਾਮਲੇ 'ਤੇ 21 ਅਗਸਤ ਤੱਕ ਜਵਾਬ ਦੇਣ। ਸਾਲ 2024 ਦੀਆਂ ਲੋਕ ਸਭਾ ਚੋਣਾਂ 'ਚ ਅਦਾਕਾਰਾ ਨੇ ਮੰਡੀ ਲੋਕ ਸਭਾ ਸੀਟ ਤੋਂ ਕਾਂਗਰਸੀ ਉਮੀਦਵਾਰ ਵਿਕਰਮਾਦਿੱਤਿਆ ਸਿੰਘ ਨੂੰ 74,755 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਸੀ। ਕੰਗਨਾ ਰਣੌਤ ਦੀ ਚੋਣ ਰੱਦ ਕਰਨ ਦੀ ਮੰਗ ਕਰਦਿਆਂ ਪਟੀਸ਼ਨਰ ਲਾਇਕ ਰਾਮ ਨੇਗੀ ਨੇ ਕਿਹਾ ਕਿ ਰਿਟਰਨਿੰਗ ਅਫਸਰ ਵੱਲੋਂ ਉਨ੍ਹਾਂ ਦਾ ਨਾਮਜ਼ਦਗੀ ਪੱਤਰ ਗਲਤ ਤਰੀਕੇ ਨਾਲ ਰੱਦ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਨੂੰ ਵੀ ਧਿਰ ਬਣਾਇਆ ਗਿਆ ਹੈ। ਇਹ ਦੋਸ਼ ਕਾਫ਼ੀ ਗੰਭੀਰ ਹਨ ਅਤੇ ਅਦਾਲਤ ਇਸ 'ਤੇ ਪੂਰਾ ਧਿਆਨ ਦੇ ਰਹੀ ਹੈ।ਰਾਮ ਨੇਗੀ ਜੋ ਕਿ ਜੰਗਲਾਤ ਵਿਭਾਗ ਦਾ ਸਾਬਕਾ ਕਰਮਚਾਰੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਸ ਨੇ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲੈ ਲਈ ਸੀ ਅਤੇ ਇਸ ਲਈ ਉਸ ਨੇ ਰਿਟਰਨਿੰਗ ਅਫਸਰ ਨੂੰ ਆਪਣੇ ਨਾਮਜ਼ਦਗੀ ਫਾਰਮ ਦੇ ਨਾਲ ਵਿਭਾਗ ਤੋਂ ਕੋਈ ਬਕਾਇਆ ਨਾ ਹੋਣ ਦਾ ਸਰਟੀਫਿਕੇਟ ਵੀ ਪੇਸ਼ ਕੀਤਾ ਸੀ। ਲਾਇਕ ਰਾਮ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਦੇ ਕਾਗਜ਼ ਇਸ ਸਮੇਂ ਸਵੀਕਾਰ ਕਰ ਲਏ ਜਾਂਦੇ ਤਾਂ ਉਹ ਕੰਗਨਾ ਰਣੌਤ ਨੂੰ ਹਰਾ ਕੇ ਚੋਣ ਜਿੱਤ ਸਕਦੇ ਸਨ।

## ਤਮੰਨਾ ਤੇ ਸ਼ਰਧਾ ਨੇ ਲਾਂਚ ਕੀਤਾ ਗੀਤ 'ਆਜ ਕੀ ਰਾਤ'



ਮੁੰਬਈ 'ਚ ਤਮੰਨਾ ਭਾਟੀਆ, ਸ਼ਰਧਾ ਕਪੂਰ ਨੇ ਇੰਡੀਅਨ ਮਿਊਜ਼ੀਕਲ ਕੰਪੋਜ਼ਰ ਤੇ ਗਾਇਕ ਜੋੜੀ ਸਚਿਨ ਸਾਂਘਵੀ ਤੇ ਜਿਗਰ ਸਰੈਇਆ ਨਾਲ ਫਿਲਮ 'ਇਸਤਰੀ 2' ਦਾ ਗੀਤ 'ਆਜ ਕੀ ਰਾਤ' ਲਾਂਚ ਕੀਤਾ। ਆਦਿੱਤਿਆ ਰਾਏ ਕਪੂਰ ਤੇ ਨੈਨਾ ਭਾਨ ਸਟੋਰ ਲਾਂਚਿੰਗ ਈਵੈਂਟ 'ਚ ਸ਼ਾਮਿਲ ਹੋਏ। ਸੰਨੀ ਲਿਓਨ ਨੂੰ ਇਕ ਈਵੈਂਟ 'ਚ ਦੇਖਿਆ ਗਿਆ। ਇਬ੍ਰਾਹਿਮ ਅਲੀ ਖਾਨ ਜੁਹੂ, ਨੇਹਾ ਕੱਕੜ ਤੇ ਅਨੰਨਿਆ ਪਾਂਡੇ ਬਾਂਦ੍ਰਾ 'ਚ ਨਜ਼ਰ ਆਏ। ਫ਼ਿਲਮ 'ਫਿਰ ਆਈ ਹਸੀਨ ਦਿਲਰੁਬਾ' ਦੀ ਗੱਲ ਕਰੀਏ ਤਾਂ ਇਹ ਫ਼ਿਲਮ ਅਗਲੇ ਮਹੀਨੇ OTT ਪਲੇਟਫਾਰਮ Netflix 'ਤੇ ਰਿਲੀਜ਼ ਹੋਵੇਗੀ।

## ਪ੍ਰਸਿੱਧ ਖ਼ੂਬਸੂਰਤ ਬਾਲਾ ਨੂੰ ਮੌਤ ਨੇ ਇੰਞ ਪਾਇਆ ਘੇਰਾ



ਮਸ਼ਹੂਰ ਬਾਈਕਰ ਟੈਟਿਆਨਾ ਓਜ਼ੋਲੀਨਾ ਦੀ ਸੜਕ ਹਾਦਸੇ 'ਚ ਮੌਤ ਹੋ ਗਈ ਹੈ। ਉਸ ਦੀ ਲਾਲ BMW ਬਾਈਕ ਦੀ ਤੁਰਕੀ 'ਚ ਇੱਕ ਟਰੱਕ ਨਾਲ ਟੱਕਰ ਹੋ ਗਈ। ਇਸ ਭਿਆਨਕ ਹਾਦਸੇ 'ਚ 38 ਓਜ਼ੋਲੀਨਾ ਦੀ ਜਾਨ ਚਲੀ ਗਈ। ਤੁਰਕੀ ਮੀਡੀਆ ਆਉਟਲੇਟ Türkiye Today ਅਨੁਸਾਰ, ਓਜ਼ੋਲੀਨਾ ਨੂੰ ਸੋਸ਼ਲ ਮੀਡੀਆ 'ਤੇ 'ਮੋਟੋਟਾਨੀਆ' ਵਜੋਂ ਜਾਣਿਆ ਜਾਂਦਾ ਸੀ। ਹਾਦਸੇ ਦੇ ਸਮੇਂ, ਉਹ ਮੁਗਲਾ ਅਤੇ ਬੋਡਰਮ ਦੇ ਵਿਚਕਾਰ ਆਪਣੀ ਬਾਈਕ 'ਤੇ ਸਵਾਰ ਸੀ, ਅਚਾਨਕ ਉਸ ਨੇ ਆਪਣੀ ਬਾਈਕ BMW S1000RR ਤੋਂ ਕੰਟਰੋਲ ਗੁਆ ਦਿੱਤਾ ਅਤੇ ਮਿਲਾਸ ਦੇ ਕੋਲ ਇੱਕ ਟਰੱਕ ਨਾਲ ਟਕਰਾ ਗਈ। ਹਾਦਸੇ ਤੋਂ ਤੁਰੰਤ ਬਾਅਦ ਐਂਬੂਲੈਂਸ ਮੌਕੇ 'ਤੇ ਪਹੁੰਚ ਗਈ ਪਰ ਉਦੋਂ ਤੱਕ ਉਸ ਦੀ ਮੌਤ ਹੋ ਚੁੱਕੀ ਸੀ। ਐਂਬੂਲੈਂਸ ਦੇ ਪਹੁੰਚਣ ਤੋਂ ਪਹਿਲਾਂ ਹੀ ਓਜ਼ੋਲੀਨਾ ਦੀ ਮੌਤ ਹੋ ਗਈ ਹਾਲਾਂਕਿ ਓਜ਼ੋਲੀਨਾ ਦੇ ਨਾਲ ਜਾ ਰਹੇ ਤੁਰਕੀ ਬਾਈਕਰ ਓਨੂਰ ਓਬੁਤ ਦਾ ਬਚਾਅ ਹੋ ਗਿਆ ਪਰ ਉਸ ਨੂੰ ਗੰਭੀਰ ਸੱਟਾਂ ਲੱਗੀਆਂ। ਉਹ ਹਸਪਤਾਲ 'ਚ ਦਾਖ਼ਲ ਹੈ। ਤੁਰਕੀ ਦੇ ਆਉਟਲੈਟ ਨੇ ਦੱਸਿਆ ਕਿ ਘਟਨਾ ਸਥਾਨ 'ਤੇ ਮੌਜੂਦ ਤੀਜਾ ਬਾਈਕਰ ਸੁਰੱਖਿਅਤ ਹੈ। ਅਧਿਕਾਰੀ ਇਸ ਭਿਆਨਕ ਹਾਦਸੇ ਦੀ ਜਾਂਚ ਕਰ ਰਹੇ ਹਨ।Tatyana ਸੋਸ਼ਲ ਮੀਡੀਆ 'ਤੇ ਮਸ਼ਹੂਰ Tatyana ਓਜ਼ੋਲੀਨਾ ਇੱਕ ਮਸ਼ਹੂਰ ਮੋਟੋ ਵਲੌਗਰ ਸੀ। ਉਸ ਦੇ ਇੰਸਟਾਗ੍ਰਾਮ 'ਤੇ 1 ਮਿਲੀਅਨ ਤੋਂ ਵੱਧ ਅਤੇ ਯੂਟਿਊਬ 'ਤੇ 2 ਮਿਲੀਅਨ ਤੋਂ ਵੱਧ ਫਾਲੋਅਰਜ਼ ਸਨ। ਉਸ ਨੂੰ ਰੂਸ ਦੀ ਸਭ ਤੋਂ ਖ਼ੂਬਸੂਰਤ ਬਾਈਕਰ ਕਿਹਾ ਜਾਂਦਾ ਸੀ। ਸੁੰਦਰ ਹੋਣ ਦੇ ਨਾਲ-ਨਾਲ ਉਹ ਬਹੁਤ ਪ੍ਰਭਾਵਸ਼ਾਲੀ ਵੀ ਸੀ। ਉਹ ਆਪਣੇ ਗਲੋਬਲ ਮੋਟਰਸਾਈਕਲ ਕਰੀਅਰ ਲਈ ਲੋਕਾਂ 'ਚ ਮਸ਼ਹੂਰ ਸੀ। Tatyana ਨੇ ਆਪਣੀ ਆਖਰੀ ਇੰਸਟਾਗ੍ਰਾਮ ਪੋਸਟ 'ਚ ਲਿਖਿਆ ਕਿ ਉਸਨੂੰ ਯੂਰਪ 'ਚ ਦਾਖ਼ਲ ਹੋਣ ਦੀ ਆਗਿਆ ਨਹੀਂ ਸੀ। ਲੱਖਾਂ ਲੋਕਾਂ ਨੇ Tatyana ਨੂੰ ਕਰਦੇ ਫਾਲੋ Tatyana ਨੂੰ ਸ਼ਰਧਾਂਜਲੀ ਦਿੰਦੇ ਹੋਏ ਮੋਟੋਮਾਸਕੋ ਐਸੋਸੀਏਸ਼ਨ ਦੇ ਚੀਫ ਆਂਦਰੇ ਇਵਾਨੋਵ ਨੇ ਕਿਹਾ, "ਮੋਟੋਟਾਨੀਆ ਹੁਣ ਸਾਡੇ 'ਚ ਨਹੀਂ ਹੈ। ਉਸ ਦੀ ਜ਼ਿੰਦਗੀ ਖ਼ੂਬਸੂਰਤ ਸੀ। ਲੱਖਾਂ ਲੋਕਾਂ ਨੇ ਉਸ ਨੂੰ ਫਾਲੋ ਕੀਤਾ। ਦੇਸ਼ 'ਚ ਸ਼ਾਇਦ ਹੀ ਕੋਈ ਅਜਿਹਾ ਬਾਈਕਰ ਹੋਵੇਗਾ ਜੋ ਪ੍ਰਭਾਵਿਤ ਹੋਇਆ ਹੋਵੇਗਾ।

## ਪ੍ਰਸਿੱਧ ਗਾਇਕ ਸੁਰਿੰਦਰ ਛਿੰਦਾ ਨੂੰ ਸਮਰਪਿਤ ਗੀਤ 'ਕਿੱਥੇ ਤੁਰ ਗਿਆ ਯਾਰਾ' ਅੱਜ ਹੋਵੇਗਾ ਰਿਲੀਜ਼



ਪ੍ਰਸਿੱਧ ਪੰਜਾਬੀ ਗਾਇਕ ਸੁਰਿੰਦਰ ਛਿੰਦਾ ਨੂੰ ਉਨ੍ਹਾਂ ਦੀ ਪਹਿਲੀ ਬਰਸੀ 'ਤੇ ਸ਼ਰਧਾਂਜਲੀ ਦੇਣ ਲਈ ਗੀਤ 'ਕਿੱਥੇ ਤੁਰ ਗਿਆ ਯਾਰਾ' ਰਿਲੀਜ਼ ਕੀਤਾ ਜਾਵੇਗਾ। ਇਹ ਸਮਾਗਮ ਅੱਜ 26 ਜੁਲਾਈ ਨੂੰ ਚੰਡੀਗੜ੍ਹ ਸਥਿਤ ਪੰਜਾਬ ਕਲਾ ਭਵਨ ਵਿਖੇ ਹੋਵੇਗਾ।ਇਸ ਮੌਕੇ ਮੁੱਖ ਮਹਿਮਾਨ ਵਜੋਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਸ਼ਿਰਕਤ ਕਰਨਗੇ ਅਤੇ ਉਨ੍ਹਾਂ ਦੇ ਨਾਲ ਕਈ ਉੱਘੀਆਂ ਸ਼ਖ਼ਸੀਅਤਾਂ ਵੀ ਸ਼ਿਰਕਤ ਕਰਨਗੀਆਂ। ਪ੍ਰਸਿੱਧ ਗੀਤਕਾਰ ਬਾਬੂ ਸਿੰਘ ਮਾਨ ਮਰਾੜਾ ਵਾਲਾ, ਪਦਮ ਸ਼੍ਰੀ ਐਵਾਰਡੀ ਹੰਸਰਾਜ ਹੰਸ, ਗੁਰਪ੍ਰੀਤ ਸਿੰਘ ਘੁੱਗੀ, ਗੁੱਗੂ ਗਿੱਲ, ਕਰਮਜੀਤ ਅਨਮੋਲ, ਪਾਲੀ ਦੇਤਵਾਲੀਆ, ਯੁਵਰਾਜ ਹੰਸ, ਸਾਬਕਾ ਸੰਸਦ ਮੈਂਬਰ ਮੁਹੰਮਦ ਸਦੀਕ ਵਿਸ਼ੇਸ਼ ਮਹਿਮਾਨਾਂ 'ਚ ਸ਼ਾਮਲ ਹੋਣਗੇ। ਇਸ ਸਮਾਰੋਹ 'ਚ ਹਰਪ੍ਰੀਤ ਸੇਖੋਂ, ਨਿਰਮਾਤਾ ਤਲਜਿੰਦਰ ਸਿੰਘ ਨਾਗਰਾ, ਬੌਬੀ ਬਾਜਵਾ ਸਮੇਤ ਨਾਮਵਰ ਫਿਲਮੀ ਹਸਤੀਆਂ ਵੀ ਸ਼ਿਰਕਤ ਕਰਨਗੀਆਂ।

## ਫਿਲਮ 'ਖੇਲ ਖੇਲ ਮੇਂ' ਦਾ 'ਹੌਲੀ ਹੌਲੀ' ਗੀਤ ਰਿਲੀਜ਼

ਕਾਮੇਡੀ ਡਰਾਮਾ 'ਖੇਲ ਖੇਲ ਮੇਂ' ਦਾ ਸਾਂਗ 'ਹੌਲੀ ਹੌਲੀ' ਰਿਲੀਜ਼ ਹੋ ਗਿਆ ਹੈ। ਸਾਂਗ ਨੂੰ ਨੇਹਾ ਕੱਕੜ ਨੇ ਗਰੂ ਰੰਧਾਵਾ, ਹਿਪ ਹੌਪ ਕਿੰਗ ਯੋ ਯੋ ਹਨੀ ਸਿੰਘ ਨਾਲ ਗਾਇਆ ਹੈ। ਇਸ ਤੋਂ ਪਹਿਲਾਂ ਵੀ ਗੁਰੂ ਰੰਧਾਵਾ ਤੇ ਨੇਹਾ ਕੱਕੜ ਦੀ ਜੋੜੀ 'ਬਣ ਜਾ ਤੂ ਮੇਰੀ ਰਾਣੀ' ਅਤੇ 'ਮੋਰਨੀ ਬਣੇ' ਵਰਗੇ ਚਾਰਟਬਸਟਰ ਸਾਂਗ ਦੇ ਚੁੱਕੇ ਹਨ, ਜਿਨ੍ਹਾਂ ਨੂੰ ਦਰਸ਼ਕਾਂ ਦਾ ਭਰਪੂਰ ਪਿਆਰ ਮਿਲਿਆ ਹੈ। ਵੀਡੀਓ 'ਚ ਅਦਾਕਾਰ ਅਕਸ਼ੈ ਕੁਮਾਰ, ਤਾਪਸੀ ਪੰਨੂ ਤੇ ਵਾਣੀ ਵਿਚਾਲੇ ਆਕਰਸ਼ਕ ਕੈਮਿਸਟਰੀ ਦੇਖੀ ਜਾ ਸਕਦੀ ਹੈ। ਇਸ ਦੇ ਨਾਲ ਹੀ ਸਾਂਗ 'ਚ ਐਮੀ ਵਿਰਕ, ਆਦਿੱਤਿਆ ਸੀਲ ਤੇ ਪ੍ਰਗਿਆ ਜੈਸਵਾਲ ਵੀ ਨਜ਼ਰ ਆ ਰਹੇ ਹਨ। ਮੁਦੱਸਰ ਅਜ਼ੀਜ਼ ਦੁਆਰਾ ਨਿਰਦੇਸ਼ਿਤ ਇਹ ਫਿਲਮ 15 ਅਗਸਤ ਨੂੰ ਪਰਦੇ 'ਤੇ ਰਿਲੀਜ਼ ਹੋਣ ਵਾਲੀ ਹੈ। ਗੁਲਸ਼ਨ ਕੁਮਾਰ, ਟੀ-ਸੀਰੀਜ਼ ਅਤੇ ਵਕਾਓ ਫਿਲਮਜ਼, ਫਿਲਮ ਦਾ ਨਿਰਮਾਣ ਕਰ ਰਹੇ ਹਨ।




## ਇਸ ਅਮਰੀਕੀ ਰੈਪਰ ਨਾਲ ਧਮਾਕਾ ਕਰਨਗੇ ਪੰਜਾਬੀਆਂ ਦੀ ਸ਼ਾਨ ਦਿਲਜੀਤ ਦੁਸਾਂਝ



ਮਸ਼ਹੂਰ ਪੰਜਾਬੀ ਗਾਇਕ ਦਿਲਜੀਤ ਦੋਸਾਂਝ ਦੇਸ਼ ਦੇ ਨਾਲ-ਨਾਲ ਵਿਦੇਸ਼ਾਂ 'ਚ ਵੀ ਆਪਣੀ ਆਵਾਜ਼ ਨਾਲ ਲੋਕਾਂ ਦੇ ਦਿਲਾਂ 'ਤੇ ਰਾਜ ਕਰ ਰਹੇ ਹਨ। ਵਿਦੇਸ਼ਾਂ 'ਚ ਵੀ ਉਸ ਦੇ ਸੰਗੀਤਕ ਮਹਿਫ਼ਲਾਂ ਦਾ ਜਾਦੂ ਸਰੋਤਿਆਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਦਿਲਜੀਤ ਜਲਦੀ ਹੀ ਅਮਰੀਕੀ ਰੈਪਰ NLE ਚੋਪਾ ਨਾਲ ਆਪਣਾ ਨਵਾਂ ਗੀਤ ਲੈ ਕੇ ਆ ਰਿਹਾ ਹੈ। ਪ੍ਰਸ਼ੰਸਕਾਂ ਨੂੰ ਉਤਸ਼ਾਹਿਤ ਕਰਦੇ ਹੋਏ ਉਨ੍ਹਾਂ ਨੇ ਇਸ ਗੀਤ ਦੀ ਇਕ ਝਲਕ ਸ਼ੇਅਰ ਕੀਤੀ ਹੈ। ਗਾਇਕ-ਅਦਾਕਾਰ ਨੇ ਆਪਣੇ ਇੰਸਟਾਗ੍ਰਾਮ 'ਤੇ ਇਸ ਗੀਤ ਦਾ ਟੀਜ਼ਰ ਰਿਲੀਜ਼ ਕੀਤਾ ਹੈ।ਦਿਲਜੀਤ ਦੋਸਾਂਝ ਅਤੇ NLE ਚੋਪਾ ਦਾ ਗੀਤ 'ਮੁਹੰਮਦ ਅਲੀ' 26 ਜੁਲਾਈ ਨੂੰ ਰਿਲੀਜ਼ ਹੋਵੇਗਾ। ਇਸ ਤੋਂ ਪਹਿਲਾਂ ਇਸ ਗੀਤ ਦੇ ਟੀਜ਼ਰ ਨੇ ਪ੍ਰਸ਼ੰਸਕਾਂ ਦਾ ਉਤਸ਼ਾਹ ਵਧਾ ਦਿੱਤਾ ਹੈ। ਅੱਜ ਵੀਰਵਾਰ ਨੂੰ ਦਿਲਜੀਤ ਦੋਸਾਂਝ ਨੇ ਇਸ ਗੀਤ ਦਾ ਵੀਡੀਓ ਸ਼ੇਅਰ ਕੀਤਾ ਅਤੇ ਕੈਪਸ਼ਨ 'ਚ ਲਿਖਿਆ, 'ਸਰਪ੍ਰਾਈਜ਼।' ਇਸ ਗੀਤ 'ਚ ਦਿਲਜੀਤ ਨੇ ਅਮਰੀਕੀ ਰੈਪਰ NLE ਚੋਪਾ ਨਾਲ ਕੰਮ ਕੀਤਾ ਹੈ।ਇਸ ਗੀਤ ਤੋਂ ਇਲਾਵਾ ਦਿਲਜੀਤ ਦੋਸਾਂਝ ਪੰਜਾਬੀ ਫ਼ਿਲਮ 'ਸਰਦਾਰ ਜੀ 3' ਸਮੇਤ ਕਈ ਹੋਰ ਪ੍ਰੋਜੈਕਟਾਂ 'ਤੇ ਧਿਆਨ ਦੇ ਰਹੇ ਹਨ। ਹਾਲ ਹੀ 'ਚ ਉਨ੍ਹਾਂ ਨੇ ਇਸ ਫ਼ਿਲਮ ਦਾ ਪਹਿਲਾ ਪੋਸਟਰ ਰਿਲੀਜ਼ ਕੀਤਾ ਹੈ ਅਤੇ ਨਾਲ ਇਸ ਦੀ ਰਿਲੀਜ਼ ਡੇਟ ਦਾ ਵੀ ਐਲਾਨ ਕੀਤਾ ਹੈ। ਇਹ ਫਿਲਮ 27 ਜੂਨ 2025 ਨੂੰ ਰਿਲੀਜ਼ ਹੋਵੇਗੀ। ਉਨ੍ਹਾਂ ਦੇ ਪ੍ਰਸ਼ੰਸਕ ਇਸ ਫਿਲਮ ਨੂੰ ਲੈ ਕੇ ਕਾਫੀ ਉਤਸ਼ਾਹਿਤ ਹਨ। ਸਰਦਾਰ ਫਰੈਂਚਾਇਜ਼ੀ ਦੀ ਪਹਿਲੀ ਫਿਲਮ 2015 ਵਿੱਚ ਰਿਲੀਜ਼ ਹੋਈ ਸੀ ਅਤੇ ਦੂਜੀ ਕਿਸ਼ਤ 2016 ਵਿੱਚ।

## ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ 'ਚ ਹੋਵੇਗਾ 'ਬੋਂਗ' ਦਾ ਪ੍ਰੀਮੀਅਰ




ਐਕਸੈਲ ਐਂਟਰਟੇਨਮੈਂਟ ਨੇ ਚਾਕਬੋਰਡ ਐਂਟਰਟੇਨਮੈਂਟ ਅਤੇ ਸੂਟੇਬਲ ਪਿਕਚਰਜ਼ ਦੇ ਨਾਲ ਮਿਲ ਕੇ ਇਕ ਹੋਰ ਵੱਡਾ ਮੀਲ ਪੱਥਰ ਹਾਸਲ ਕੀਤਾ ਹੈ। ਦਰਅਸਲ 'ਬੋਂਗ' ਦਾ ਪ੍ਰੀਮੀਅਰ 5 ਤੋਂ 15 ਸਤੰਬਰ ਤੱਕ ਹੋਣ ਵਾਲੇ 49ਵੇਂ ਟੋਰਾਂਟੋ ਇੰਟਰਨੈਸ਼ਨਲ ਫਿਲਮ ਫੈਸਟੀਵਲ ਦੇ ਡਿਸਕਵਰੀ ਸੈਕਸ਼ਨ 'ਚ ਹੋਵੇਗਾ। 'ਬੋਂਗ' ਮਨੀਪੁਰ ਵਿਚ ਦੇਵੀ ਦੀਆਂ ਯਾਦਾਂ ਦੀ ਇਕ ਖੱਟੀ-ਮਿੱਠੀ ਝਲਕ ਹੈ, ਜੋ ਦੁਨੀਆ ਨਾਲ ਦਿਲ ਨੂੰ ਛੂਹਣ ਵਾਲੀਆਂ ਅਤੇ ਪ੍ਰਭਾਵਸ਼ਾਲੀ ਕਹਾਣੀਆਂ ਸਾਂਝੀਆਂ ਕਰਨ ਲਈ ਪ੍ਰੋਡਕਸ਼ਨ ਹਾਊਸ ਦੇ ਸਮਰਪਣ ਨੂੰ ਦਰਸਾਉਂਦੀ ਹੈ।'ਬੋਂਗ' ਮਨੀਪੁਰ ਦੀ ਘਾਟੀ ਦੇ ਬੋਂਗ ਨਾਂ ਦੇ ਨੌਜਵਾਨ ਦੀ ਕਹਾਣੀ ਹੈ। ਉਹ ਆਪਣੀ ਮਾਂ ਨੂੰ ਇਕ ਗਿਫ਼ਟ ਦੇ ਕੇ ਸਰਪ੍ਰਾਈਜ਼ ਕਰਨ ਦੀ ਯੋਜਨਾ ਬਣਾਉਂਦਾ ਹੈ। ਆਪਣੀ ਮਾਸੂਮੀਅਤ ਵਿਚ ਉਹ ਮੰਨਦਾ ਹੈ ਕਿ ਉਸਦੇ ਪਿਤਾ ਨੂੰ ਘਰ ਵਾਪਸ ਲਿਆਉਣਾ ਸਭ ਤੋਂ ਵਧੀਆ ਗਿਫ਼ਟ ਹੋਵੇਗਾ। ਅਜਿਹੀ ਸਥਿਤੀ ਵਿਚ ਉਸ ਦੇ ਪਿਤਾ ਦੀ ਖੋਜ ਉਸ ਨੂੰ ਉਮੀਦਾਂ ਤੋਂ ਪਰੇ ਗਿਫ਼ਟ ਵੱਲ ਲੈ ਜਾਂਦੀ ਹੈ। ਫਿਲਮ ਦਾ ਨਿਰਦੇਸ਼ਨ ਲਕਸ਼ਮੀਪ੍ਰਿਆ ਦੇਵੀ ਨੇ ਕੀਤਾ ਹੈ।

## ਦੱਖਣੀ ਅਫਰੀਕਾ 'ਚ ਪਹਿਲੀ ਵਾਰ ਕੋਈ ਔਰਤ ਚੀਫ਼ ਜਸਟਿਸ ਨਿਯੁਕਤ



ਦੱਖਣੀ ਅਫ਼ਰੀਕਾ ਵਿੱਚ ਪਹਿਲੀ ਵਾਰ ਇੱਕ ਔਰਤ ਨੂੰ ਚੀਫ਼ ਜਸਟਿਸ ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ। ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਿਰਿਲ ਰਾਮਾਫੋਸਾ ਨੇ ਵੀਰਵਾਰ ਨੂੰ ਮੌਜੂਦਾ ਡਿਪਟੀ ਚੀਫ਼ ਜਸਟਿਸ ਮੈਂਡੀਸਾ ਮਾਇਆ ਨੂੰ ਦੇਸ਼ ਦਾ ਚੀਫ਼ ਜਸਟਿਸ ਨਿਯੁਕਤ ਕੀਤਾ। ਦੱਖਣੀ ਅਫਰੀਕਾ ਦੀ ਚੀਫ਼ ਜਸਟਿਸ ਵਜੋਂ ਮਾਇਆ ਦਾ ਕਾਰਜਕਾਲ 1 ਸਤੰਬਰ ਤੋਂ ਸ਼ੁਰੂ ਹੋਵੇਗਾ। ਉਹ ਮੌਜੂਦਾ ਚੀਫ਼ ਜਸਟਿਸ ਰੇਮੰਡ ਜ਼ੋਂਡੋ ਦੀ ਸੇਵਾਮੁਕਤੀ ਤੋਂ ਬਾਅਦ ਉਨ੍ਹਾਂ ਦੀ ਥਾਂ ਲੈਣਗੇ। ਦੇਸ਼ ਦੀ ਚੋਟੀ ਦੀ ਸੰਵਿਧਾਨਕ ਅਦਾਲਤ ਵਿੱਚ ਤਰੱਕੀ ਕੀਤੇ ਜਾਣ ਤੋਂ ਪਹਿਲਾਂ 60 ਸਾਲਾ ਮਾਇਆ ਨੇ ਦੱਖਣੀ ਅਫਰੀਕਾ ਦੀ ਦੂਜੀ ਸਰਵਉੱਚ ਅਦਾਲਤ, ਸੁਪਰੀਮ ਕੋਰਟ ਆਫ ਅਪੀਲ ਵਿੱਚ ਜੱਜ ਪ੍ਰਧਾਨ ਵਜੋਂ ਸੇਵਾ ਨਿਭਾਈ ਸੀ। ਉਹ ਸੁਪਰੀਮ ਕੋਰਟ ਆਫ ਅਪੀਲ ਦੀ ਜੱਜ ਨਿਯੁਕਤ ਹੋਣ ਵਾਲੀ ਪਹਿਲੀ ਗੈਰ ਗੋਰੀ ਔਰਤ ਸੀ ਅਤੇ ਉਸ ਅਦਾਲਤ ਦੀ ਉਪ-ਰਾਸ਼ਟਰਪਤੀ ਅਤੇ ਫਿਰ ਪ੍ਰਧਾਨ ਨਿਯੁਕਤ ਹੋਣ ਵਾਲੀ ਪਹਿਲੀ ਔਰਤ ਸੀ। ਰਾਮਾਫੋਸਾ ਨੇ ਫਰਵਰੀ ਵਿਚ ਮਾਇਆ ਨੂੰ ਚੀਫ਼ ਜਸਟਿਸ ਦੇ ਅਹੁਦੇ ਲਈ ਨਾਮਜ਼ਦ ਕੀਤਾ ਸੀ ਅਤੇ ਮਈ ਵਿਚ ਨਿਆਂਇਕ ਸੇਵਾ ਕਮਿਸ਼ਨ ਨੇ ਉਸ ਦੀ ਇੰਟਰਵਿਊ ਲਈ ਸੀ। ਰਾਮਾਫੋਸਾ ਨੇ ਇੱਕ ਬਿਆਨ ਵਿੱਚ ਕਿਹਾ ਕਿ ਕਮਿਸ਼ਨ ਨੇ ਉਸ ਦੇ ਨਾਮ ਦੀ ਸਿਫ਼ਾਰਸ਼ ਕੀਤੀ ਸੀ ਅਤੇ ਕਿਹਾ ਸੀ ਕਿ ਉਸ ਦੀ ਨਿਯੁਕਤੀ "ਦੇਸ਼ ਲਈ ਇੱਕ ਮੀਲ ਪੱਥਰ" ਹੋਵੇਗੀ। ਉਸਨੇ 1989 ਵਿੱਚ ਸੰਯੁਕਤ ਰਾਜ ਵਿੱਚ ਡਿਊਕ ਯੂਨੀਵਰਸਿਟੀ ਵਿੱਚ ਕਾਨੂੰਨ ਵਿੱਚ ਮਾਸਟਰ ਦੀ ਡਿਗਰੀ ਹਾਸਲ ਕਰਨ ਲਈ ਫੁਲਬ੍ਰਾਈਟ ਸਕਾਲਰਸ਼ਿਪ ਪ੍ਰਾਪਤ ਕੀਤੀ, ਜੋ ਕਿ ਦੱਖਣੀ ਅਫ਼ਰੀਕਾ ਵਿੱਚ ਰੰਗਭੇਦ ਦੇ ਦੌਰ ਦੌਰਾਨ ਇੱਕ ਨੌਜਵਾਨ ਕਾਲਾ ਔਰਤ ਲਈ ਇੱਕ ਦੁਰਲੱਭ ਪ੍ਰਾਪਤੀ ਸੀ।

## ਇਟਲੀ ਨੇ ਗਾਜ਼ਾ 'ਚ ਮਨੁੱਖੀ ਸਥਿਤੀ 'ਤੇ ਪ੍ਰਗਟਾਈ ਚਿੰਤਾ



ਇਟਲੀ ਦੇ ਪ੍ਰਧਾਨ ਮੰਤਰੀ ਜੌਰਜੀਆ ਮੇਲੋਨੀ ਨੇ ਵੀਰਵਾਰ ਨੂੰ ਗਾਜ਼ਾ ਵਿਚ ਮਨੁੱਖੀ ਸਥਿਤੀ 'ਤੇ ਡੂੰਘੀ ਚਿੰਤਾ ਜ਼ਾਹਰ ਕੀਤੀ ਅਤੇ ਖੇਤਰੀ ਪੱਧਰ 'ਤੇ ਸ਼ਾਂਤੀ ਸਥਾਪਤ ਕਰਨ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ। ਇਕ ਸਰਕਾਰੀ ਬਿਆਨ ਅਨੁਸਾਰ ਉਸਨੇ ਇਜ਼ਰਾਈਲ ਦੇ ਰਾਸ਼ਟਰਪਤੀ ਇਸਹਾਕ ਹਰਜੋਗ ਨਾਲ ਮੁਲਾਕਾਤ ਦੌਰਾਨ ਇਹ ਟਿੱਪਣੀ ਕੀਤੀ। ਮੇਲੋਨੀ ਨੇ ਇਜ਼ਰਾਈਲ ਨੂੰ ਗਾਜ਼ਾ ਵਿੱਚ ਮਾਨਵਤਾਵਾਦੀ ਪਹਿਲਕਦਮੀਆਂ ਦੀ ਸਹੂਲਤ ਲਈ ਕਦਮ ਚੁੱਕਣ ਅਤੇ ਖੇਤਰ ਵਿੱਚ ਜੰਗ ਨੂੰ ਵੱਧ ਤੋਂ ਵੱਧ ਫੈਲਣ ਤੋਂ ਰੋਕਣ ਲਈ ਕਦਮ ਚੁੱਕਣ ਲਈ ਵੀ ਕਿਹਾ। ਉਨ੍ਹਾਂ ਕਿਹਾ ਕਿ ਇਟਲੀ ਸੰਘਰਸ਼ ਨੂੰ ਖ਼ਤਮ ਕਰਨ ਲਈ ਵਿਚੋਲਗੀ ਦਾ ਸਮਰਥਨ ਕਰਨਾ ਜਾਰੀ ਰੱਖੇਗਾ। ਹਰਜ਼ੋਗ ਨੇ ਇਟਲੀ ਦੇ ਰਾਸ਼ਟਰਪਤੀ ਸਰਜੀਓ ਮੈਟਾਰੇਲਾ ਨਾਲ ਵੀ ਮੁਲਾਕਾਤ ਕੀਤੀ ਅਤੇ ਦੋਵਾਂ ਨੇਤਾਵਾਂ ਨੇ ਇਜ਼ਰਾਈਲੀ ਬੰਧਕਾਂ ਦੀ ਰਿਹਾਈ, ਗਾਜ਼ਾ ਨਿਵਾਸੀਆਂ ਨੂੰ ਇਤਾਲਵੀ ਮਾਨਵਤਾਵਾਦੀ ਸਹਾਇਤਾ ਅਤੇ ਇਜ਼ਰਾਈਲ ਤੇ ਫਲਸਤੀਨ ਦੋਵਾਂ ਦੁਆਰਾ ਸਵੀਕਾਰੀਆਂ ਗਈਆਂ ਸਰਹੱਦਾਂ ਨਾਲ ਇੱਕ ਫਲਸਤੀਨੀ ਰਾਜ ਬਣਾਉਣ ਲਈ ਇੱਕ ਰਸਤਾ ਲੱਭਣ ਦੀ ਜ਼ਰੂਰਤ 'ਤੇ ਚਰਚਾ ਕੀਤੀ। ਜਿਵੇਂ ਹੀ ਇਜ਼ਰਾਈਲ ਦੇ ਰਾਸ਼ਟਰਪਤੀ ਪਲਾਜ਼ੋ ਚੀਗੀ ਵਿਖੇ ਪ੍ਰਧਾਨ ਮੰਤਰੀ ਦਫ਼ਤਰ ਵਿੱਚ ਦਾਖਲ ਹੋਏ ਤਾਂ ਲਗਭਗ 100 ਮੀਟਰ ਦੂਰ ਖੜ੍ਹੇ ਪ੍ਰਦਰਸ਼ਨਕਾਰੀਆਂ ਦੇ ਇੱਕ ਸਮੂਹ ਨੇ 'ਫ੍ਰੀ ਫਲਸਤੀਨ' ਦੇ ਨਾਅਰੇ ਲਾਏ।

## ਮਾਣ ਦੀ ਗੱਲ, 2 ਭਾਰਤੀ ਫੌਜੀ ਟੀਮਾਂ ਨੇ ਮਾਊਂਟ ਐਲਬਰਸ 'ਤੇ ਲਹਿਰਾਇਆ 'ਤਿਰੰਗਾ'



ਭਾਰਤੀ ਹਥਿਆਰਬੰਦ ਸੈਨਾਵਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਦੋ ਟੀਮਾਂ ਨੇ ਅੰਤਰਰਾਸ਼ਟਰੀ ਮਿਲਟਰੀ ਸਪੋਰਟਸ ਕੌਂਸਲ (ਸੀ.ਆਈ.ਐਸ.ਐਮ) ਦੇ ਤੀਜੇ 'ਕਲਾਈਬ ਫਾਰ ਪੀਸ' ਸਮਾਗਮ ਦੌਰਾਨ ਯੂਰਪ ਦੇ ਸਭ ਤੋਂ ਉੱਚੇ ਪਹਾੜ ਮਾਊਂਟ ਐਲਬਰਸ ਦੇ ਸਿਖਰ 'ਤੇ ਭਾਰਤ ਦਾ ਤਿਰੰਗਾ ਝੰਡਾ ਲਹਿਰਾਇਆ। ਲੈਫਟੀਨੈਂਟ ਕਰਨਲ ਮਨੋਜ ਜੋਸ਼ੀ ਨੇ ਛੇ ਮੈਂਬਰੀ ਟ੍ਰਾਈ-ਸਰਵਿਸਿਜ਼ ਟੀਮ ਦੀ ਅਗਵਾਈ ਕੀਤੀ. ਜਿਸ ਨੇ ਵੀਰਵਾਰ ਨੂੰ ਰੂਸ ਵਿੱਚ 5,642 ਮੀਟਰ ਉੱਚੇ ਪਹਾੜ 'ਤੇ ਚੜ੍ਹਾਈ ਕੀਤੀ।ਇਸ ਟੀਮ ਵਿੱਚ ਜਲ ਸੈਨਾ ਦੀ ਇੱਕ ਮਹਿਲਾ ਪਰਬਤਾਰੋਹੀ ਸ੍ਰਿਸ਼ਟੀ ਠਾਕੁਰ ਵੀ ਸ਼ਾਮਲ ਸੀ। ਦੂਜੀ ਟੀਮ ਵਿੱਚ ਤਿੰਨ ਫੌਜੀ ਸ਼ਾਮਲ ਸਨ। ਇੱਕ ਪੋਸਟ X ਵਿੱਚ ਭਾਰਤੀ ਜਲ ਸੈਨਾ ਦੇ ਬੁਲਾਰੇ ਨੇ ਤਿੰਨ-ਸੇਵਾ ਟੀਮ ਦੀ ਪ੍ਰਾਪਤੀ ਨੂੰ "ਭਾਰਤ ਲਈ ਇੱਕ ਮਾਣ ਵਾਲਾ ਪਲ" ਕਰਾਰ ਦਿੱਤਾ। ਰੂਸ ਦੇ ਰੱਖਿਆ ਮੰਤਰਾਲੇ ਅਨੁਸਾਰ, 'ਕਲਾਈਬ ਫਾਰ ਪੀਸ' ਈਵੈਂਟ ਵਿੱਚ ਰੂਸ, ਚੀਨ ਅਤੇ ਬ੍ਰਾਜ਼ੀਲ ਸਮੇਤ 13 ਦੇਸ਼ਾਂ ਨੇ ਪ੍ਰਤੀਨਿਧਤਾ ਕੀਤੀ। ਮਾਊਂਟ ਐਲਬਰਸ, ਜੋ ਕਿ ਦੁਨੀਆ ਦੇ 10ਵੇਂ ਸਭ ਤੋਂ ਉੱਚੇ ਪਹਾੜ ਵਜੋਂ ਵੀ ਦਰਜਾ ਪ੍ਰਾਪਤ ਹੈ, ਕਬਾਰਡੀਨੋ-ਬਲਕਾਰੀਆ ਦੇ ਰੂਸੀ ਗਣਰਾਜ ਵਿੱਚ ਦੱਖਣੀ ਰੂਸ ਵਿੱਚ ਸਥਿਤ ਹੈ। ਬ੍ਰਸੇਲਜ਼ ਵਿੱਚ ਸਥਿਤ ਸੀ.ਆਈ.ਐਸ.ਐਮ ਆਪਣੇ 141 ਮੈਂਬਰ ਦੇਸ਼ਾਂ ਦੀਆਂ ਹਥਿਆਰਬੰਦ ਸੈਨਾਵਾਂ ਲਈ ਵੱਖ-ਵੱਖ ਖੇਡ ਸਮਾਗਮਾਂ ਦਾ ਆਯੋਜਨ ਕਰਦਾ ਹੈ।


## ਮੈਕਸੀਕਨ ਡਰੱਗ ਮਾਫੀਆ ਅਮਰੀਕਾ 'ਚ ਗ੍ਰਿਫ਼ਤਾਰ



ਮੈਕਸੀਕੋ ਦੇ ਬਦਨਾਮ ਡਰੱਗ ਮਾਲਕ ਅਤੇ ਸਿਨਾਲੋਆ ਕਾਰਟੈਲ ਦੇ ਸਹਿ-ਸੰਸਥਾਪਕ, ਇਸਮਾਈਲ "ਏਲ ਮੇਓ" ਜ਼ਾਂਬਾਡਾ ਨੂੰ ਅਮਰੀਕਾ ਦੇ ਸੰਘੀ ਏਜੰਟਾਂ ਨੇ ਟੈਕਸਾਸ ਦੇ ਐਲ ਪਾਸੋ ਵਿੱਚ ਗ੍ਰਿਫ਼ਤਾਰ ਕੀਤਾ ਹੈ। ਉਸ ਦੇ ਨਾਲ ਐਲ ਚਾਪੋ ਦੇ ਬੇਟੇ ਜੋਕਿਨ ਗੁਜ਼ਮੈਨ ਲੋਪੇਜ਼ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਜ਼ੈਂਬਾਡਾ 'ਤੇ ਫੈਂਟਾਨਿਲ ਦੇ ਨਿਰਮਾਣ ਅਤੇ ਤਸਕਰੀ ਅਤੇ ਹੋਰ ਨਸ਼ੀਲੇ ਪਦਾਰਥਾਂ (ਕੋਕੀਨ, ਹੈਰੋਇਨ, ਮੇਥਾਮਫੇਟਾਮਾਈਨ) ਦੀ ਤਸਕਰੀ ਕਰਨ ਦਾ ਦੋਸ਼ ਹੈ। ਅਮਰੀਕੀ ਸਰਕਾਰ ਨੇ ਜ਼ਾਂਬਾਡਾ ਦੀ ਗ੍ਰਿਫ਼ਤਾਰੀ ਲਈ 15 ਮਿਲੀਅਨ ਡਾਲਰ (125 ਕਰੋੜ) ਦੇ ਇਨਾਮ ਦਾ ਐਲਾਨ ਕੀਤਾ ਸੀ। ਅਮਰੀਕੀ ਨਿਆਂ ਵਿਭਾਗ ਨੇ ਗ੍ਰਿਫ਼ਤਾਰੀ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਦੋਵਾਂ 'ਤੇ ਕਾਰਟੇਲ ਨਾਲ ਸਬੰਧਤ ਕਈ ਅਪਰਾਧਿਕ ਕਾਰਵਾਈਆਂ, ਖਾਸ ਤੌਰ 'ਤੇ ਫੈਂਟਾਨਿਲ ਦੇ ਨਿਰਮਾਣ ਅਤੇ ਤਸਕਰੀ ਦੇ ਦੋਸ਼ ਲਗਾਏ ਗਏ ਹਨ। ਜ਼ਾਂਬਾਡਾ (76) ਨੇ ਜੋਆਕਿਨ "ਏਲ ਚਾਪੋ" ਗੁਜ਼ਮੈਨ ਨਾਲ ਅਪਰਾਧ ਸਿੰਡੀਕੇਟ ਦੀ ਸਥਾਪਨਾ ਕੀਤੀ, ਜੋ ਵਰਤਮਾਨ ਵਿੱਚ ਅਮਰੀਕਾ ਵਿੱਚ ਜੇਲ੍ਹ ਵਿੱਚ ਬੰਦ ਹੈ। ਫਰਵਰੀ ਵਿੱਚ ਅਮਰੀਕੀ ਵਕੀਲਾਂ ਦੁਆਰਾ ਜ਼ੈਂਬਾਡਾ 'ਤੇ ਫੈਂਟਾਨਿਲ ਬਣਾਉਣ ਅਤੇ ਵੰਡਣ ਦੀ ਸਾਜ਼ਿਸ਼ ਦਾ ਦੋਸ਼ ਲਗਾਇਆ ਗਿਆ ਸੀ। ਇਹ ਡਰੱਗ ਹੈਰੋਇਨ ਨਾਲੋਂ ਵਧੇਰੇ ਸ਼ਕਤੀਸ਼ਾਲੀ ਹੈ ਅਤੇ ਇਸ ਨੂੰ ਅਮਰੀਕੀ ਓਪੀਔਡ ਸੰਕਟ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ।ਯੂ.ਐਸ ਦੇ ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਕਿਹਾ ਕਿ ਦੋਵੇਂ ਵਿਅਕਤੀ "ਦੁਨੀਆ ਦੇ ਸਭ ਤੋਂ ਹਿੰਸਕ ਅਤੇ ਸ਼ਕਤੀਸ਼ਾਲੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਸੰਗਠਨਾਂ ਵਿੱਚੋਂ ਇੱਕ" ਦੀ ਅਗਵਾਈ ਕਰਦੇ ਹਨ। ਗਾਰਲੈਂਡ ਨੇ ਕਿਹਾ ਕਿ ਐਲ ਮੇਓ ਅਤੇ ਗੁਜ਼ਮਾਨ ਲੋਪੇਜ਼ ਸਿਨਾਲੋਆ ਕਾਰਟੇਲ ਦੇ ਨੇਤਾਵਾਂ ਅਤੇ ਸਹਿਯੋਗੀਆਂ ਦੀ ਵਧ ਰਹੀ ਸੂਚੀ ਵਿੱਚ ਸ਼ਾਮਲ ਹੋ ਗਏ ਹਨ ਜਿਨ੍ਹਾਂ ਨੂੰ ਨਿਆਂ ਵਿਭਾਗ ਸੰਯੁਕਤ ਰਾਜ ਵਿੱਚ ਜਵਾਬਦੇਹ ਠਹਿਰਾ ਰਿਹਾ ਹੈ।

## ਸ਼ਖਸ ਨੇ ਫਲਾਈਟ 'ਚ ਕੱਪੜੇ ਉਤਾਰ ਕਰੂ ਮੈਂਬਰ 'ਤੇ ਕੀਤਾ ਹਮਲਾ, ਮਾਮਲਾ ਦਰਜ

ਪੱਛਮੀ ਆਸਟ੍ਰੇਲੀਆ ਦੇ ਇੱਕ ਵਿਅਕਤੀ ਨੂੰ ਅੱਜ ਅਦਾਲਤ ਦਾ ਸਾਹਮਣਾ ਕਰਨਾ ਪਵੇਗਾ। ਵਿਅਕਤੀ 'ਤੇ ਦੋਸ਼ ਹੈ ਕਿ ਉਸ ਨੇ ਮੈਲਬੌਰਨ ਜਾਣ ਵਾਲੀ ਫਲਾਈਟ ਵਿੱਚ ਆਪਣੇ ਕੱਪੜੇ ਉਤਾਰੇ ਅਤੇ ਏਅਰਲਾਈਨ ਦੇ ਇਕ ਮੈਂਬਰ 'ਤੇ ਹਮਲਾ ਕੀਤਾ, ਜਿਸ ਕਾਰਨ ਮਜਬੂਰ ਹੋ ਕੇ ਜਹਾਜ਼ ਨੂੰ ਵਾਪਸ ਮੁੜਨਾ ਪਿਆ।
32 ਸਾਲਾ ਵਿਅਕਤੀ 27 ਮਈ ਨੂੰ ਪਰਥ ਤੋਂ ਮੈਲਬੌਰਨ ਦੀ ਉਡਾਣ 'ਤੇ ਸਵਾਰ ਸੀ ਜਦੋਂ ਕੈਬਿਨ ਕਰੂ ਨੇ ਦੱਸਿਆ ਕਿ ਉਸ ਨੇ ਆਪਣੇ ਕੱਪੜੇ ਉਤਾਰਨੇ ਸ਼ੁਰੂ ਕਰ ਦਿੱਤੇ ਅਤੇ ਫਿਰ ਚਾਲਕ ਦਲ ਦੇ ਮੈਂਬਰ 'ਤੇ ਹਮਲਾ ਕੀਤਾ। ਏਅਰਲਾਈਨ ਸਟਾਫ ਨੇ ਆਸਟ੍ਰੇਲੀਅਨ ਫੈਡਰਲ ਪੁਲਸ ਨੂੰ ਸੂਚਿਤ ਕੀਤਾ ਅਤੇ ਜਹਾਜ਼ ਪਰਥ ਘਰੇਲੂ ਹਵਾਈ ਅੱਡੇ 'ਤੇ ਵਾਪਸ ਆ ਗਿਆ, ਜਿੱਥੇ AFP ਅਧਿਕਾਰੀ ਮੌਜੂਦ ਸਨ। ਅਫਸਰਾਂ ਨੇ ਆਦਮੀ ਨੂੰ ਫਲਾਈਟ ਤੋਂ ਉਤਾਰ ਦਿੱਤਾ ਅਤੇ ਗ੍ਰਿਫ਼ਤਾਰ ਕਰ ਲਿਆ। ਫਿਰ ਉਸ ਨੂੰ ਮਾਨਸਿਕ ਸਿਹਤ ਦੇ ਮੁਲਾਂਕਣ ਲਈ ਲਿਜਾਇਆ ਗਿਆ। ਉਸ 'ਤੇ ਸੰਮਨ ਦੁਆਰਾ ਜਹਾਜ਼ ਦੇ ਚਾਲਕ ਦਲ ਦੇ ਇੱਕ ਮੈਂਬਰ 'ਤੇ ਹਮਲਾ ਕਰਨ ਅਤੇ ਜਹਾਜ਼ 'ਚ ਅਪਮਾਨਜਨਕ ਜਾਂ ਅਸ਼ਲੀਲ ਵਿਵਹਾਰ ਦੀ ਇੱਕ ਗਿਣਤੀ ਦੇ ਨਾਲ ਦੋਸ਼ ਲਗਾਇਆ ਗਿਆ।ਹਮਲੇ ਦੇ ਜੁਰਮ ਵਿੱਚ ਉਸ ਨੂੰ ਵੱਧ ਤੋਂ ਵੱਧ 10 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। AFP ਪਰਥ ਹਵਾਈ ਅੱਡੇ ਦੇ ਪੁਲਸ ਕਮਾਂਡਰ ਪੀਟਰ ਹੈਚ ਨੇ ਕਿਹਾ ਕਿ ਉਹ ਜਹਾਜ਼ਾਂ 'ਤੇ ਵਿਘਨਕਾਰੀ ਜਾਂ ਅਪਰਾਧਿਕ ਵਿਵਹਾਰ ਬਿਲਕੁੱਲ ਵੀ ਬਰਦਾਸ਼ਤ ਨਹੀਂ ਕਰਦਾ।




## ਜਾਪਾਨ 'ਚ ਭਾਰੀ ਮੀਂਹ, ਹੜ੍ਹ ਅਤੇ ਜ਼ਮੀਨ ਖਿਸਕਣ ਕਾਰਨ ਸੈਂਕੜੇ ਲੋਕ ਪ੍ਰਭਾਵਿਤ



ਉੱਤਰੀ ਜਾਪਾਨ 'ਚ ਭਾਰੀ ਮੀਂਹ ਤੋਂ ਬਾਅਦ ਹੜ੍ਹਾਂ ਅਤੇ ਜ਼ਮੀਨ ਖਿਸਕਣ ਕਾਰਨ ਵੀਰਵਾਰ ਨੂੰ ਆਵਾਜਾਈ ਸੇਵਾਵਾਂ ਪ੍ਰਭਾਵਿਤ ਹੋ ਗਈਆਂ ਅਤੇ ਸੈਂਕੜੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਸ਼ਰਨ ਲੈਣ ਲਈ ਮਜਬੂਰ ਹੋਣਾ ਪਿਆ। ਜਾਪਾਨ ਮੌਸਮ ਵਿਗਿਆਨ ਏਜੰਸੀ ਨੇ ਯਾਮਾਗਾਟਾ ਅਤੇ ਅਕੀਤਾ ਪ੍ਰੀਫੈਕਚਰ ਦੇ ਕਈ ਸ਼ਹਿਰਾਂ ਲਈ ਭਾਰੀ ਮੀਂਹ ਦੀ ਚਿਤਾਵਨੀ ਜਾਰੀ ਕੀਤੀ ਹੈ। ਹੁਣ ਤੱਕ ਇਨ੍ਹਾਂ ਸ਼ਹਿਰਾਂ ਵਿੱਚ ਗਰਮ ਹਵਾਵਾਂ ਕਾਰਨ ਨਮੀ ਵਾਲਾ ਮੌਸਮ ਸੀ। ਪ੍ਰਧਾਨ ਮੰਤਰੀ ਫੂਮਿਓ ਕਿਸ਼ਿਦਾ ਨੇ ਪ੍ਰਭਾਵਿਤ ਖੇਤਰਾਂ ਦੇ ਲੋਕਾਂ ਨੂੰ ਮੌਸਮ ਦੀ ਜਾਣਕਾਰੀ ਦੀ ਨਿਰੰਤਰ ਨਿਗਰਾਨੀ ਕਰਨ ਅਤੇ "ਸੁਰੱਖਿਆ ਨੂੰ ਤਰਜੀਹ ਦੇਣ" ਦੀ ਅਪੀਲ ਕੀਤੀ। ਅੱਗ ਅਤੇ ਆਫ਼ਤ ਪ੍ਰਬੰਧਨ ਏਜੰਸੀ ਅਨੁਸਾਰ, ਯੂਜ਼ਾਵਾ ਸ਼ਹਿਰ, ਅਕੀਤਾ ਪ੍ਰੀਫੈਕਚਰ ਵਿੱਚ ਇੱਕ ਸੜਕ ਨਿਰਮਾਣ ਵਾਲੀ ਥਾਂ 'ਤੇ ਜ਼ਮੀਨ ਖਿਸਕਣ ਤੋਂ ਬਾਅਦ ਇੱਕ ਵਿਅਕਤੀ ਲਾਪਤਾ ਹੋ ਗਿਆ। ਏਜੰਸੀ ਮੁਤਾਬਕ ਯੂਜ਼ਾਵਾ 'ਚ ਬਚਾਅ ਕਰਮਚਾਰੀਆਂ ਨੇ ਕਿਸ਼ਤੀਆਂ ਦੀ ਮਦਦ ਨਾਲ ਹੜ੍ਹ ਪ੍ਰਭਾਵਿਤ ਇਲਾਕੇ 'ਚੋਂ 11 ਪ੍ਰਭਾਵਿਤ ਲੋਕਾਂ ਨੂੰ ਬਚਾਇਆ। ਗੁਆਂਢੀ ਯਾਮਾਗਾਟਾ ਪ੍ਰੀਫੈਕਚਰ ਦੇ ਯੂਜ਼ਾ ਅਤੇ ਸਾਕਾਟਾ ਦੇ ਸਭ ਤੋਂ ਮੁਸ਼ਕਿਲ ਕਸਬਿਆਂ ਵਿੱਚ ਵੀਰਵਾਰ ਨੂੰ ਇੱਕ ਘੰਟੇ ਦੇ ਅੰਦਰ 10 ਸੈਂਟੀਮੀਟਰ (ਚਾਰ ਇੰਚ) ਤੋਂ ਵੱਧ ਮੀਂਹ ਪਿਆ। ਇਲਾਕੇ ਦੇ ਹਜ਼ਾਰਾਂ ਲੋਕਾਂ ਨੂੰ ਉੱਚੀਆਂ ਅਤੇ ਸੁਰੱਖਿਅਤ ਥਾਵਾਂ 'ਤੇ ਪਨਾਹ ਲੈਣ ਦੀ ਸਲਾਹ ਦਿੱਤੀ ਗਈ ਹੈ। ਹਾਲਾਂਕਿ, ਪਨਾਹ ਲੈਣ ਵਾਲੇ ਲੋਕਾਂ ਦੀ ਗਿਣਤੀ ਬਾਰੇ ਤੁਰੰਤ ਜਾਣਕਾਰੀ ਉਪਲਬਧ ਨਹੀਂ ਹੈ। ਪੂਰਬੀ ਜਾਪਾਨ ਰੇਲਵੇ ਕੰਪਨੀ ਦੇ ਅਨੁਸਾਰ, ਯਾਮਾਗਾਤਾ ਸ਼ਿਨਕਾਨਸੇਨ ਬੁਲੇਟ ਟ੍ਰੇਨ ਸੇਵਾਵਾਂ ਨੂੰ ਵੀਰਵਾਰ ਨੂੰ ਅੰਸ਼ਕ ਤੌਰ 'ਤੇ ਮੁਅੱਤਲ ਕਰ ਦਿੱਤਾ ਗਿਆ ਸੀ। ਏਜੰਸੀ ਨੇ ਸ਼ੁੱਕਰਵਾਰ ਸ਼ਾਮ ਤੱਕ ਖੇਤਰ ਵਿੱਚ ਲਗਭਗ 20 ਸੈਂਟੀਮੀਟਰ (ਅੱਠ ਇੰਚ) ਹੋਰ ਮੀਂਹ ਦੀ ਭਵਿੱਖਬਾਣੀ ਕੀਤੀ ਹੈ ਅਤੇ ਲੋਕਾਂ ਨੂੰ ਸੁਚੇਤ ਰਹਿਣ ਦੀ ਅਪੀਲ ਕੀਤੀ ਹੈ।

## ਤੂਫ਼ਾਨ ਗਾਏਮੀ ਦਾ ਕਹਿਰ, 6 ਲੱਖ ਤੋਂ ਵੱਧ ਲੋਕ ਪ੍ਰਭਾਵਿਤ




ਚੀਨ ਵਿਚ ਤੂਫਾਨ ਗਾਏਮੀ ਦਸਤਕ ਦੇ ਚੁੱਕਾ ਹੈ। ਸਥਾਨਕ ਅਧਿਕਾਰੀਆਂ ਨੇ ਕਿਹਾ ਕਿ ਸ਼ੁੱਕਰਵਾਰ ਸਵੇਰੇ 6 ਵਜੇ ਤੱਕ ਪੂਰਬੀ ਚੀਨ ਦੇ ਫੁਜਿਆਨ ਸੂਬੇ ਵਿੱਚ ਲਗਭਗ 628,600 ਲੋਕ ਇਸ ਸਾਲ ਦੇ ਤੀਜੇ ਤੂਫ਼ਾਨ ਗਾਏਮੀ ਤੋਂ ਪ੍ਰਭਾਵਿਤ ਹੋਏ ਹਨ। ਤੂਫਾਨ ਕਾਰਨ ਹੁਣ ਤੱਕ ਲਗਭਗ 290,000 ਵਸਨੀਕਾਂ ਨੂੰ ਤਬਦੀਲ ਕੀਤਾ ਗਿਆ ਹੈ। ਆਪਣੇ ਕੇਂਦਰ 'ਤੇ 118.8 ਕਿਲੋਮੀਟਰ ਪ੍ਰਤੀ ਘੰਟਾ ਦੀ ਵੱਧ ਤੋਂ ਵੱਧ ਹਵਾ ਦੀ ਗਤੀ ਨਾਲ,ਤੂਫਾਨ ਨੇ ਵੀਰਵਾਰ ਸ਼ਾਮ ਨੂੰ ਪੁਟੀਅਨ, ਫੁਜਿਆਨ ਸ਼ਹਿਰ ਦੇ ਜ਼ੀਯੂ ਜ਼ਿਲੇ ਵਿੱਚ ਦੇਸ਼ ਵਿੱਚ ਆਪਣੀ ਦੂਜੀ ਲੈਂਡਫਾਲ ਕੀਤੀ। ਸ਼ੁੱਕਰਵਾਰ ਸਵੇਰੇ 6 ਵਜੇ ਇਸਦਾ ਕੇਂਦਰ ਯੂਕਸੀ ਕਾਉਂਟੀ, ਸੈਨਮਿੰਗ ਸ਼ਹਿਰ ਦੇ ਅੰਦਰ ਸਥਿਤ ਸੀ, ਜਿਸ ਦੇ ਕੇਂਦਰ ਨੇੜੇ 100.8 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਹਵਾਵਾਂ ਚੱਲ ਰਹੀਆਂ ਸਨ। ਟਾਈਫੂਨ ਦੇ ਹੌਲੀ-ਹੌਲੀ ਕਮਜ਼ੋਰ ਪੈਣ ਨਾਲ ਲਗਭਗ 20 ਕਿਲੋਮੀਟਰ ਪ੍ਰਤੀ ਘੰਟਾ ਦੀ ਰਫਤਾਰ ਨਾਲ ਉੱਤਰ-ਪੱਛਮ ਵੱਲ ਵਧਣ ਦਾ ਅਨੁਮਾਨ ਹੈ ਅਤੇ ਸ਼ੁੱਕਰਵਾਰ ਦੁਪਹਿਰ ਤੱਕ ਜਿਆਂਗਸੀ ਸੂਬੇ ਤੱਕ ਪਹੁੰਚਣ ਦੀ ਉਮੀਦ ਹੈ।

# ਭਾਰਤ ਵਿੱਚ ਭਗਵਾਨ ਹਨੂੰਮਾਨ ਦੇ ਚੋਟੀ ਦੇ ਮਸ਼ਹੂਰ ਮੰਦਰ



ਅੱਸੀ ਨਦੀ ਦੇ ਕੰਢੇ ਸਥਿਤ ਸੰਕਟ ਮੋਚਨ ਹਨੂੰਮਾਨ ਮੰਦਿਰ ਭਾਰਤ ਵਿੱਚ ਭਗਵਾਨ ਹਨੂੰਮਾਨ ਦਾ ਸਭ ਤੋਂ ਪਵਿੱਤਰ ਮੰਦਰ ਹੈ, ਜੋ ਵਾਰਾਣਸੀ ਸ਼ਹਿਰ ਵਿੱਚ ਸਥਿਤ ਹੈ। ਇਸ ਮੰਦਰ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਭਗਵਾਨ ਰਾਮ ਅਤੇ ਹਨੂੰਮਾਨ ਦੇ ਸ਼ਰਧਾਲੂ ਆਉਂਦੇ ਹਨ।


ਸ਼ਿਮਲਾ ਦਾ ਜਾਖੂ ਮੰਦਰ ਜਾਖੂ ਪਹਾੜੀ 'ਤੇ ਸਥਿਤ ਬਾਂਦਰ ਦੇਵਤਾ ਭਗਵਾਨ ਹਨੂੰਮਾਨ ਨੂੰ ਸਮਰਪਿਤ ਸਭ ਤੋਂ ਮਸ਼ਹੂਰ ਮੰਦਰ ਹੈ। ਜਾਖੂ ਮੰਦਿਰ ਵਿੱਚ 8100 ਫੁੱਟ ਤੋਂ ਵੱਧ ਉਚਾਈ 'ਤੇ ਭਗਵਾਨ ਹਨੂੰਮਾਨ ਦੀ 108 ਫੁੱਟ ਉੱਚੀ ਵਿਸ਼ਾਲ ਮੂਰਤੀ ਵੀ ਹੈ।





ਪਟਨਾ ਦਾ ਮਹਾਂਵੀਰ ਮੰਦਰ ਭਾਰਤ ਵਿੱਚ ਭਗਵਾਨ ਹਨੂੰਮਾਨ ਦੇ ਸਭ ਤੋਂ ਪਵਿੱਤਰ ਮੰਦਰਾਂ ਵਿੱਚੋਂ ਇੱਕ ਹੈ ਅਤੇ ਉੱਤਰੀ ਭਾਰਤ ਵਿੱਚ ਦੂਜਾ ਸਭ ਤੋਂ ਵੱਧ ਦੇਖਿਆ ਜਾਣ ਵਾਲਾ ਧਾਰਮਿਕ ਅਸਥਾਨ ਹੈ। ਮਹਾਵੀਰ ਮੰਦਿਰ ਨੂੰ ਹਜ਼ਾਰਾਂ ਸ਼ਰਧਾਲੂ ਆਉਂਦੇ ਹਨ ਅਤੇ ਉੱਤਰੀ ਭਾਰਤ ਦਾ ਦੂਜਾ ਸਭ ਤੋਂ ਅਮੀਰ ਮੰਦਰ ਟਰੱਸਟ ਹੈ।

ਜਾਮਨਗਰ ਦਾ ਸ਼੍ਰੀ ਬਾਲਾ ਹਨੂਮਾਨ ਮੰਦਿਰ ਭਾਰਤ ਵਿੱਚ ਭਗਵਾਨ ਹਨੂੰਮਾਨ ਨੂੰ ਸਮਰਪਿਤ ਬਹੁਤ ਮਸ਼ਹੂਰ ਹੈ ਅਤੇ ਰਾਮ ਧੁਨ ਦੇ ਜਾਪ ਲਈ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡ ਵਿੱਚ ਵੀ ਸੂਚੀਬੱਧ ਹੈ। ਜਾਮਨਗਰ ਵਿੱਚ ਕਈ ਪ੍ਰਾਚੀਨ ਮੰਦਰ ਹਨ ਜਿਵੇਂ ਕਿ ਸਿੱਧਨਾਥ ਮਹਾਦੇਵ ਮੰਦਰ ਅਤੇ ਸੰਗਮਰਮਰ ਦੇ ਜੈਨ ਮੰਦਰ।





ਦਿੱਲੀ ਦੇ ਕਨਾਟ ਪਲੇਸ ਸਥਿਤ ਹਨੂੰਮਾਨ ਮੰਦਿਰ ਦਿੱਲੀ ਦੇ ਮਹਾਭਾਰਤ ਦੇ ਦਿਨਾਂ ਦੇ ਪੰਜ ਮੰਦਰਾਂ ਵਿੱਚੋਂ ਇੱਕ ਹੈ। ਮੰਦਰ ਵਿੱਚ ਭਗਵਾਨ ਹਨੂੰਮਾਨ ਦੀ ਇੱਕ ਸਵੈ-ਪ੍ਰਗਟ ਮੂਰਤੀ ਹੈ ਅਤੇ ਸ਼੍ਰੀ ਹਨੂੰਮਾਨ ਜੀ ਮਹਾਰਾਜ ਦੇ ਰੂਪ ਵਿੱਚ ਪੂਜਾ ਕੀਤੀ ਜਾਂਦੀ ਹੈ।


ਸਾਰੰਗਪੁਰ ਵਿੱਚ ਸ਼੍ਰੀ ਹਨੂੰਮਾਨ ਮੰਦਰ, ਸਾਰੰਗਪੁਰ ਗੁਜਰਾਤ ਵਿੱਚ ਸਥਿਤ ਕਸਤਭੰਜਨ ਦੇ ਰੂਪ ਵਿੱਚ ਭਗਵਾਨ ਹਨੂੰਮਾਨ ਨੂੰ ਸਮਰਪਿਤ ਹੈ। ਇਹ ਮੰਦਰ ਘੱਟ ਉਚਾਈ ਵਾਲੀ ਪਹਾੜੀ 'ਤੇ ਸਥਿਤ, ਸਭ ਤੋਂ ਪ੍ਰਮੁੱਖ ਮੰਦਰਾਂ ਵਿੱਚੋਂ ਇੱਕ ਹੈ।






ਸੰਗਮ ਵਿਖੇ ਹਨੂੰਮਾਨ ਮੰਦਿਰ ਜਿਸਨੂੰ ਬੜੇ ਹਨੂੰਮਾਨ ਜੀ ਮੰਦਿਰ ਵੀ ਕਿਹਾ ਜਾਂਦਾ ਹੈ, ਇੱਕ ਬਹੁਤ ਹੀ ਵਿਲੱਖਣ ਮੰਦਿਰ ਹੈ ਅਤੇ ਭਾਰਤ ਦਾ ਇੱਕੋ ਇੱਕ ਅਜਿਹਾ ਮੰਦਿਰ ਹੈ ਜਿੱਥੇ ਭਗਵਾਨ ਹਨੂੰਮਾਨ ਜੀ ਇੱਕ ਝੁਕੇ ਹੋਏ ਆਸਣ ਵਿੱਚ ਦਿਖਾਈ ਦਿੰਦੇ ਹਨ। ਇਲਾਹਾਬਾਦ ਹਨੂੰਮਾਨ ਮੰਦਿਰ ਵਿੱਚ ਭਗਵਾਨ ਹਨੂੰਮਾਨ ਦੀ ਇੱਕ ਵਿਸ਼ਾਲ ਮੂਰਤੀ ਹੈ ਜੋ ਸੌਣ ਦੀ ਸਥਿਤੀ ਵਿੱਚ 20 ਫੁੱਟ ਲੰਬੀ ਅਤੇ 8 ਫੁੱਟ ਚੌੜੀ ਹੈ।

ਅਯੁੱਧਿਆ ਵਿੱਚ ਭਗਵਾਨ ਹਨੂੰਮਾਨ ਦਾ ਹਨੂੰਮਾਨਗੜ੍ਹੀ ਮੰਦਰ ਉੱਤਰੀ ਭਾਰਤ ਵਿੱਚ ਭਗਵਾਨ ਹਨੂੰਮਾਨ ਦਾ ਸਭ ਤੋਂ ਪ੍ਰਸਿੱਧ ਮੰਦਰ ਹੈ। ਅਯੁੱਧਿਆ ਰਾਮ ਜਨਮ ਭੂਮੀ ਹੈ ਅਤੇ ਇਸ ਨੂੰ ਹਨੂੰਮਾਨ ਜੀ ਦਾ ਘਰ ਵੀ ਕਿਹਾ ਜਾਂਦਾ ਹੈ।



ਨਾਮਕਕਲ ਅੰਜਨਿਆਰ ਮੰਦਿਰ ਤਾਮਿਲਨਾਡੂ ਵਿੱਚ ਭਗਵਾਨ ਹਨੂੰਮਾਨ ਦਾ ਪ੍ਰਸਿੱਧ ਮੰਦਰ ਹੈ ਅਤੇ ਦੱਖਣੀ ਭਾਰਤ ਵਿੱਚ ਭਗਵਾਨ ਹਨੂੰਮਾਨ ਦੀ ਸਭ ਤੋਂ ਉੱਚੀ ਮੂਰਤੀ ਵਿੱਚੋਂ ਇੱਕ ਹੈ। ਮੰਦਿਰ ਵਿੱਚ ਅੰਜਨਯਾਰ ਅਤੇ ਨਰਸਿਮਹਾ ਦੀਆਂ ਮੂਰਤੀਆਂ ਵੀ ਹਨ।





ਭਗਵਾਨ ਰਾਮ ਅਤੇ ਲਕਸ਼ਮਣ ਦੀ ਰੱਖਿਆ ਲਈ ਭਗਵਾਨ ਹਨੂੰਮਾਨ ਨੇ ਪਥਲਾ ਲੋਕ ਵਿੱਚ ਪੰਚਮੁਖੀ ਰੂਪ ਧਾਰਨ ਕੀਤਾ। ਪੰਚਮੁਖ ਹਨੂੰਮਾਨ ਹਨੂੰਮਾਨ ਦੀ ਦੁਰਲੱਭ ਮੂਰਤੀ ਹੈ ਅਤੇ ਭਾਰਤ ਵਿੱਚ ਬਹੁਤ ਘੱਟ ਪੰਚਮੁਖੀ ਹਨੂੰਮਾਨ ਮੰਦਰ ਹਨ, ਉਨ੍ਹਾਂ ਵਿੱਚੋਂ ਕੁੰਭਕੋਨਮ ਵਿੱਚ ਪੰਚਮੁਖੀ ਹਨੂੰਮਾਨ, ਤਿਰੂਵੱਲੂਰ ਵਿੱਚ ਵਿਸ਼ਵਰੂਪਾ ਪੰਚਮੁਖਾ ਅੰਜਨੇਯਸਵਾਮੀ, ਮੰਤਰਾਲਯ ਵਿੱਚ ਪੰਚਮੁਖੀ ਅੰਜਨੇਯ ਮੰਦਿਰ, ਮੰਤਰਾਲਯ ਮੁੱਖਮਨੁਮਹਿਮ ਵਿੱਚ ਪੰਚਮੁਖੀ ਅੰਜਨੇਯ ਮੰਦਿਰ, ਪੰਚਮੁਖੀ ਹਨੂੰਮਾਨ ਮੰਦਰ ਹਨ। ਹੈਦਰਾਬਾਦ ਵਿੱਚ ਅਤੇ ਪਾਂਡੀਚੇਰੀ ਵਿੱਚ ਪੰਚਮੁਗਾ ਅੰਜਨੇਯ ਮੰਦਰ।